89

# ਵਤਨੋਂ ਦੂਰ

## ਇਸ ਅੰਕ ਵਿੱਚ


ਸੰਪਾਦਕੀ * ਫ਼ਿਰਕੂ-ਜਨੂੰਨ ਵਿਰੁੱਧ "ਪਾਠਕ-ਲੇਖਕ ਵਿਚਾਰ-ਚਰਚਾ" ਵਿੱਚ ਭਾਗ ਲੈਣ ਲਈ ਖੁੱਲ੍ਹਾ ਸੱਦਾ-ਪੱਤਰ

ਕਵਿਤਾਵਾਂ * ਗੁਰਚਰਨ ਰਾਮਪੁਰੀ, ਇਕਬਾਲ ਰਾਮੂਵਾਲੀਆ, ਸੁਰਜੀਤ ਕਲਸੀ, ਸੁਖਪਾਲ, ਰਜਿੰਦਰ, ਅਵਤਾਰ ਗਿੱਲ, ਮਨਜੀਤ ਮੀਤ, ਕਿਰਪਾਲ ਕੂਨਰ ਅਤੇ ਬਾਬੂ ਰੱਜਬ ਅਲੀ

ਉਦਾਸੀ ਕਾਲਮ * ਬੋਲੀਆਂ (ਸੰਤ ਰਾਮ ਉਦਾਸੀ)

ਅਨੁਵਾਦ * ਡਾ: ਹਰੀ ਸ਼ਰਮਾ ਦੀ ਫ਼ੋਟੋ-ਕਵਿਤਾ (ਮਿਸਟੀਫ਼ੀਕੇਸ਼ਨ)

ਕਹਾਣੀਆਂ * – ਬਾਰ੍ਹੀਂ ਬਰਸੀਂ ਖੱਟਣ ਗਿਆ ਸੀ (ਗੁਰਬਖਸ਼ ਦੋਸਾਂਝ - ਇੰਗਲੈਂਡ)
– ਤੁਸੀਂ ਝੂਠੇ ਹੋ (ਜਗਦੇਵ ਜਟਾਣਾਂ - ਕੈਨੇਡਾ)

ਲੇਖ * – ਰਸੂਲ ਹਮਜ਼ਾਤੋਵ ਅਤੇ ਮਿੱਟੀ ਦਾ ਮੋਹ (ਜਰਨੈਲ ਸਿੰਘ)
– ਪ੍ਰਮਾਣੂ ਬੰਬ ਅਤੇ ਵਿਸ਼ਵ-ਸ਼ਾਂਤੀ (ਦੇਵਿੰਦਰ ਸੇਖੋਂ)
– ਅੱਗੇ ਵਧ ਰਹੇ ਹਿੰਦੁਸਤਾਨੀ ਅਤੇ ਕੈਨੇਡੀਅਨ ਕਮਿਊਨਿਸਟ ਇਨਕਲਾਬੀਆਂ 'ਤੇ ਇੱਕ ਝਾਤ (ਦੀਪ ਸਿੰਘ)

ਜਸਵੰਤ ਸਿੰਘ ਕੰਵਲ ਬਾਰੇ ਵਿਚਾਰ-ਚਰਚਾ * – ਸੰਪਾਦਕੀ ਟਿੱਪਣੀ
– ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਦੇ ਉੱਤਰ ਵਿੱਚ ਸਪੱਸ਼ਟਤਾ (ਜਸਵੰਤ ਸਿੰਘ ਕੰਵਲ)
– ਤਾਲੋਂ ਥਿੜਕਿਆ ਜਸਵੰਤ ਸਿੰਘ ਕੰਵਲ (ਸਰਵਣ ਸਿੰਘ ਗਿੱਲ)
– ਜਦੋਂ ਜ਼ਮੀਰ ਜਾਗਦੀ ਹੈ (ਸੁਖਿੰਦਰ)

ਸਮਾਨਤਾ ਡਾਇਰੀ 83 * ਸੁਰਜੀਤ ਕਲਸੀ

ਪੰਜਾਬ ਦੀ ਸਥਿਤੀ ਬਾਰੇ ਦੋ ਪ੍ਰਤੀਕਰਮ * ਸੁਮੀਤ ਸਿੰਘ, ਭੂਸ਼ਨ

ਦਰਪਣ * ਗੁਰਸ਼ਰਨ ਸਿੰਘ, ਬਲਦੇਵ ਸਿੰਘ ਮਾਨ, ਅਵਤਾਰ ਸਿੰਘ ਸਾਦਿਕ, ਇਕਬਾਲ ਰਾਮੂਵਾਲੀਆ, ਦਰਸ਼ਨ ਬੈਂਸ, ਸੁਰਜੀਤ ਕਲਸੀ ਅਤੇ ਸਟੀਫ਼ਨ ਗਿੱਲ ਦੇ ਖ਼ਤ



ਜਨਵਰੀ ਫ਼ਰਵਰੀ 1984, ਇੱਕ ਡਾਲਰ

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | January - February 1984 | Vol. 11 No. 99

Editor:
Surinder Dhanjal
(Grande Prairie, Alberta, 539-9614)

Editorial Board:
Satwant Deepak, Edmonton .......... 461-1917
Laat Bhinder, Edmonton .......... 435-7469
Avtar Gill, Sherwood Park .......... 464-3851
Karnail Randhawa, Edmonton .......... 462-2712

Advertising & Circulation Board:
Paul Binning, Richmond .......... 270-9467
Iqbal Ramuwalia, Toronto .......... 745-7326
Gurcharan Tallewalia, Burnaby .......... 298-3431

Watno Dur Representatives:
- British Columbia, Canada:
Sadhu, Burnaby .......... 437-9014
Sukhwant Hundal, Vancouver .......... 321-9221
Amarjit Chahal, Surrey .......... 581-0406
Tej Sandhu, Quesnel .......... 992-6775
Dev Jatana, Prince Rupert .......... 627-7209
Avtar Rodhey, Quesnel .......... 992-7578
Inderjit Rode, Vancouver .......... 430-4104
J.S. Aulakh, Mission .......... 826-4888
- Alberta, Canada:
K.S. Chaman, Calgary .......... 248-2841

## ਕੁਝ ਗੱਲਾਂ

-1983 ਵਿੱਚ ਅਸੀਂ ਛੇ ਦੀ ਥਾਂ ਕੇਵਲ ਪੰਜ ਅੰਕ ਪ੍ਰਕਾਸ਼ਤ ਕਰ ਸਕੇ ਹਾਂ। ਅਸੀਂ ਪੂਰੀ ਤਰ੍ਹਾਂ ਯਤਨਸ਼ੀਲ ਹਾਂ ਕਿ ਇਸ ਢਿੱਲ ਦੇ ਕਾਰਣ 'ਤੇ ਕਾਬੂ ਪਾਇਆ ਜਾ ਸਕੇ। ਇਸ ਸੰਬੰਧ ਵਿੱਚ ਅਸੀਂ ਵਤਨੋਂ ਦੂਰ ਦਾ ਪ੍ਰਬੰਧਕੀ ਢਾਂਚਾ ਵੀ ਪੁਨਰ-ਜਥੇਬੰਦ ਕਰ ਰਹੇ ਹਾਂ।

-ਇਸ ਅੰਕ ਤੋਂ ਵਤਨੋਂ ਦੂਰ ਦਾ ਸਾਲਾਨਾ ਚੰਦਾ ਘਟਾਇਆ ਜਾ ਰਿਹਾ ਹੈ। ਹੁਣ ਕੈਨੇਡਾ/ਅਮਰੀਕਾ ਲਈ 6 ਡਾਲਰ; ਇੰਗਲੈਂਡ ਲਈ 5 ਪੌਂਡ ਅਤੇ ਬਾਕੀ ਦੇਸ਼ਾਂ ਲਈ ਹਵਾਈ ਡਾਕ ਰਾਹੀਂ 10 ਡਾਲਰ ਸਾਲਾਨਾ ਚੰਦਾ ਹੋਵੇਗਾ।

-ਹਿੰਦੁਸਤਾਨ ਵਿੱਚ ਵਸਦੇ ਪਾਠਕਾਂ ਲਈ ਉਪਰੋਕਤ ਦਰ ਮੁਤਾਬਕ ਕਿਉਂਕਿ 10 ਡਾਲਰ ਚੰਦਾ ਬਹੁਤ ਜ਼ਿਆਦਾ ਹੈ, ਉਨ੍ਹਾਂ ਲਈ ਵਿਸ਼ੇਸ਼ ਰਿਆਇਤੀ ਸਾਲਾਨਾ ਚੰਦਾ 10 ਰੁਪਏ ਹੋਵੇਗਾ ਜੋ ਕਿ ਸ੍ਰ: ਗੁਰਸ਼ਰਨ ਸਿੰਘ (ਸੰਪਾਦਕ ਸਮਤਾ) ਜਾਂ ਸੁਰਿੰਦਰ ਕੈਲੇ (ਸੰਪਾਦਕ ਅਣੂ) ਨੂੰ ਭੇਜਿਆ ਜਾ ਸਕਦਾ ਹੈ - ਇਹ ਵਿਸ਼ੇਸ਼ ਰਿਆਇਤ ਕੇਵਲ ਹਿੰਦੁਸਤਾਨ ਵਿੱਚ ਵਸਦੇ ਪਾਠਕਾਂ ਲਈ ਹੀ ਹੈ, ਜਿਹੜੇ ਹਿੰਦੁਸਤਾਨ ਵਿੱਚੋਂ ਹੀ ਚੰਦਾ ਭੇਜਣਗੇ। ਇਸਦਾ ਭਾਵ ਇਹ ਹੈ ਕਿ ਹਿੰਦੁਸਤਾਨ ਤੋਂ ਬਾਹਰ ਵਸਦਾ ਕੋਈ ਸਜਣ ਹੀ, ਜੇ ਹਿੰਦੁਸਤਾਨ ਵਿੱਚ ਵਸਦੇ ਆਪਣੇ ਕਿਸੇ ਮਿੱਤਰ ਦੇ ਨਾਂ ਪਰਚਾ ਜਾਰੀ ਕਰਵਾਉਣਾ ਚਾਹੁੰਦਾ ਹੈ, ਉਸਨੂੰ ਸਾਲਾਨਾ ਚੰਦਾ 10 ਡਾਲਰ ਸਾਡੇ ਕੈਨੇਡੀਅਨ ਪਤੇ 'ਤੇ ਹੀ ਭੇਜਣਾ ਚਾਹੀਦਾ ਹੈ। ਪਾਠਕ ਨੋਟ ਕਰਨ ਕਿ ਹਿੰਦੁਸਤਾਨ ਵਿੱਚੋਂ 10 ਰੁਪਏ ਭੇਜਕੇ ਜਾਰੀ ਕਰਵਾਇਆ ਪਰਚਾ ਕੈਨੇਡਾ ਵਿੱਚ 10 ਡਾਲਰ ਭੇਜਕੇ ਜਾਰੀ ਕਰਵਾਏ ਪਰਚੇ ਤੋਂ ਕਾਫ਼ੀ ਲੇਟ ਮਿਲੇਗਾ।

- **ANNUAL SUBSCRIPTION**

- Canada/U.S.A.: $6.00; England: L5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
- Special Rates for subscribers of India (Annual:RS10/-); Mail directly to: 1. Gursharan Singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਫਿਰਕੂ-ਜਨੂੰਨ ਵਿਰੁੱਧ "ਪਾਠਕ-ਲੇਖਕ-ਵਿਚਾਰ-ਚਰਚਾ" ਵਿੱਚ ਭਾਗ ਲੈਣ ਲਈ ਖੁੱਲਾ ਸੱਦਾ-ਪੱਤਰ

ਪਿਛਲੇ ਦੋ ਸਾਲਾਂ ਤੋਂ ਪੰਜਾਬ ਦੁਖਦਾਇਕ ਫਿਰਕੂ ਸਥਿਤੀ ਵਿੱਚੋਂ ਲੰਘ ਰਿਹਾ ਹੈ – ਅਸੀਂ ਇਸ ਵਿਸ਼ੇ ਉੱਤੇ ਕਈ ਰੂਪਾਂ ਵਿੱਚ ਆਪਣੇ ਵਿਚਾਰ ਪ੍ਰਗਟ ਕਰਦੇ ਰਹਿੰਦੇ ਹਾਂ – ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਕਾਫ਼ੀ ਨਹੀਂ – ਇਸ ਸਥਿਤੀ ਦਾ ਅਸਰ ਸਾਡੇ ਸਾਰਿਆਂ 'ਤੇ ਹੋਇਆ ਹੈ – ਕੈਨੇਡਾ ਦਾ ਸਮੁੱਚਾ ਲੇਖਕ ਭਾਈਚਾਰਾ ਇਸ ਮਸਲੇ ਉੱਤੇ ਚੁੱਪ ਜਿਹਾ ਹੀ ਬੈਠਾ ਮਹਿਸੂਸ ਹੁੰਦਾ ਹੈ – ਪਤਾ ਨਹੀਂ ਕਿਉਂ? ਆਉਣ ਵਾਲੀਆਂ ਨਸਲਾਂ ਸਾਡੀ ਏਸ 'ਕੈਨੇਡੀਅਨ ਚੁੱਪ' ਨੂੰ ਕੀ ਨਾਂ ਦੇਣਗੀਆਂ??

ਪੰਜਾਬ ਦੀ ਫਿਰਕੂ ਸਥਿਤੀ ਨੂੰ ਸਮਝਣ ਲਈ ਸਾਨੂੰ ਹੇਠ ਲਿਖੇ ਸਵਾਲਾਂ ਉੱਤੇ ਖੁੱਲ ਕੇ ਚਰਚਾ ਕਰਨੀ ਪਵੇਗੀ:

1. ਸਿੱਖਾਂ ਦੀ ਮੁੱਖ ਜੱਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਲੋਕਾਂ ਵੱਲ ਬੁਨਿਆਦੀ ਨੀਤੀ ਅਮਲੀ ਰੂਪ ਵਿੱਚ ਕਿਹੋ ਜਿਹੀ ਹੈ? ਜਦੋਂ ਰਾਜ ਸੱਤਾ ਇਸ ਪਾਰਟੀ ਦੇ ਹੱਥ ਵਿੱਚ ਸੀ ਤਾਂ ਸਮੁੱਚਾ ਰਾਜ-ਪ੍ਰਬੰਧ ਕਿੰਨਾ ਕੁ ਲੋਕ-ਹਿਤੂ ਸੀ; ਬਾਕੀ ਪਾਰਟੀਆਂ ਤੋਂ ਕਿੰਨਾ ਕੁ ਵੱਖਰਾ ਸੀ? ਇਸ ਜੱਥੇਬੰਦੀ ਦਾ 'ਧਰਮ-ਯੁੱਧ' ਕੀ ਹੈ? ਇਸ ਵਿੱਚ ਵੱਖ ਵੱਖ ਧੜੇ ਕਿਹੜੇ ਹਨ ਅਤੇ ਉਨ੍ਹਾਂ ਵਿੱਚ ਕੀ ਕੀ ਮੱਤਭੇਦ ਹਨ? ਇਸ ਜਥੇਬੰਦੀ ਦੇ ਸ਼੍ਰੋਮਣੀ ਧਾਰਮਕ ਸਥਾਨਾਂ ਵਿੱਚੋਂ ਹੋ ਰਹੀ ਬਿਆਨਬਾਜ਼ੀ ਅਤੇ ਸਰਗਰਮੀਆਂ ਕਿੰਨੀਆਂ ਕੁ ਧਾਰਮਕ, ਕਿੰਨੀਆਂ ਕੁ ਰਾਜਨੀਤਕ ਅਤੇ ਕਿੰਨੀਆਂ ਕੁ ਫਿਰਕਾਪ੍ਰਸਤ ਹਨ ਤੇ ਕਿਉਂ? ਧਰਮ, ਰਾਜਨੀਤੀ, ਫਿਰਕਾਪ੍ਰਸਤੀ ਅਤੇ ਜਨੂੰਨ ਦਾ ਆਪਸ ਵਿੱਚ ਕੀ ਸੰਬੰਧ ਹੈ? 'ਧਰਮ-ਯੁੱਧ' ਦਾ ਆਧਾਰ ਕਿਹੜੀਆਂ ਕਿਹੜੀਆਂ ਮੰਗਾਂ ਹਨ? ਇਹ ਮੰਗਾਂ ਕਿੰਨੀਆਂ ਕੁ ਲੋਕ-ਹਿਤੂ ਹਨ? 'ਪੰਜਾਬੀਅਤ' ਦੀ ਕੀ ਪਰਿਭਾਸ਼ਾ ਹੈ? 'ਪੰਜਾਬੀ ਸੂਬਾ' ਬਣਨ ਨਾਲ ਪੰਜਾਬੀ ਨੂੰ ਕੀ 'ਫ਼ਾਇਦੇ/ਨੁਕਸਾਨ' ਹੋਏ/ਤੇ ਰਹੇ ਹਨ? ਇਸ ਸੂਬਾ-ਬੰਦੀ ਪਿੱਛੇ ਗੱਦੀਆਂ ਹਥਿਆਉਣ ਦੀ ਲਾਲਸਾ ਸੀ ਜਾਂ ਪੰਜਾਬੀ-ਸਨੇਹ; ਜਾਂ ਕੁਝ ਹੋਰ?

2. ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਸਿੱਖਾਂ ਦੇ ਫਿਰਕੇ/'ਨਿਰੰਕਾਰੀ'/ 'ਦਮਦਮੀ ਟਕਸਾਲ' ਕੀ ਹਨ? 'ਦਲ ਖਾਲਸਾ' 'ਬੱਬਰ ਖਾਲਸਾ', 'ਸਿੱਖ ਸਟੂਡੈਂਟਸ ਫੈਡਰੇਸ਼ਨ' ਦੇ ਪਿੱਛੇ ਕੀ ਅਸਲੀਅਤ ਹੈ? ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ (ਦਮਦਮੀ ਟਕਸਾਲ) ਦੀਆਂ ਨੀਤੀਆਂ ਕੀ ਹਨ? ਉਸਦੇ 'ਸ਼੍ਰੋਮਣੀ ਅਕਾਲੀ ਦਲ' ਦਾ ਕੋਈ ਵੀ ਅਹੁਦੇਦਾਰ ਨਾ ਹੋਣ ਦੇ ਬਾਵਜੂਦ ਵੀ ਸਿੱਖਾਂ ਵਿੱਚ ਉਸਦੇ ਏਨਾ ਪ੍ਰਸਿੱਧ ਹੋਣ ਦੇ ਕੀ ਕਾਰਣ ਹਨ: ਡਰ/ ਜਨੂੰਨ/ ਫਿਰਕਾਪ੍ਰਸਤੀ/ ਅੰਨ੍ਹੀ ਧਾਰਮਕ ਸ਼ਰਧਾ ਜਾਂ ਕੁਝ ਹੋਰ? ਕੀ ਭਿੰਡਰਾਂ ਵਾਲਾ ਜ਼ੈਲ ਸਿੰਘ (ਰਾਸ਼ਟਰਪਤੀ) ਦੀ ਪੈਦਾਵਾਰ ਹੈ? ਕੀ ਭਿੰਡਰਾਂ ਵਾਲਾ ਸ਼ਹੀਦ ਭਗਤ ਸਿੰਘ ਦੀ ਭੈਣ ਅਮਰ ਕੌਰ ਦੇ ਬਿਆਨਾਂ ਮੁਤਾਬਕ 'ਕਾਫ਼ਰ' ਹੈ / ਜਾਂ ਮੋਮਨ? ਭਿੰਡਰਾਂਵਾਲੇ ਦਾ ਨਾਟਕੀ ਢੰਗ ਨਾਲ ਗੁਰੂ ਨਾਨਕ ਨਿਵਾਸ ਵਿੱਚੋਂ ਨਿੱਕਲਕੇ ਅਕਾਲ ਤਖ਼ਤ ਦੀ ਧਾਰਮਕ ਸੁਰੱਖਿਅਤਾ ਦੀ ਪਹਿਲਾਂ ਨਾਲੋਂ ਵੀ ਵਧੀਆ ਓਟ ਵਿੱਚ ਚਲੇ ਜਾਣ ਦਾ ਕੀ ਭੇਦ ਹੈ? ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਭਿੰਡਰਾਂ ਵਾਲਾ ਇੱਕ ਮਿਆਨ ਵਿੱਚ ਦੋ ਤਲਵਾਰਾਂ ਵਾਂਗ ਕਿਵੇਂ ਸਮਾਏ ਹੋਏ ਹਨ?

3. 'ਖਾਲਿਸਤਾਨ ਲਹਿਰ' ਕੀ ਹੈ? ਡਾ: ਜਗਜੀਤ ਸਿੰਘ ਦਾ ਕੀ ਪਿਛੋਕੜ ਹੈ? ਇਸ ਲਹਿਰ ਦੇ ਕਈ ਧੜਿਆਂ 'ਚ ਵੰਡੇ ਜਾਣ ਦੇ ਕੀ ਕਾਰਣ ਹਨ? ਇਨ੍ਹਾਂ ਧੜਿਆਂ 'ਚ ਕੀ ਮੱਤ-ਭੇਦ ਹੈ? ਦੇਸ਼-ਬਦੇਸ਼ ਵਿੱਚ ਇਸ ਲਹਿਰ ਦਾ ਸਮਰਥਨ ਕੌਣ ਕਰ ਰਿਹਾ ਹੈ ਅਤੇ ਕਿਉਂ?

4. ਯੋਗੀ ਹਰਭਜਨ ਸਿੰਘ ਕਦੇ 'ਸਿੰਘ ਸਾਹਿਬ' ਹੁੰਦਾ ਹੈ ਕਦੇ ਇਕੱਲਾ 'ਯੋਗੀ ਭਜਨ'? ਸ਼੍ਰੋਮਣੀ ਅਕਾਲੀ ਦਲ ਤੋਂ ਸਿਰੋਪਾ ਹਾਸਲ ਕਰਨ ਵਾਲਾ ਅਤੇ ਅਮਰੀਕਾ ਵਿੱਚ ਇੰਦਰਾ ਗਾਂਧੀ ਨੂੰ ਹਾਰ ਪਾਉਣ ਵਾਲਾ ਯੋਗੀ ਜਦੋਂ ਕਹਿੰਦਾ ਹੈ ਕਿ ਪੰਜਾਬ ਦੇ ਫਿਰਕੂ ਫਸਾਦਾਂ ਦੀ ਅਸਲੀ ਜੜ੍ਹ ਤਾਂ ਕਮਿਊਨਿਸਟ ਹਨ ਤਾਂ ਉਸਨੂੰ ਇਹ 'ਆਕਾਸ਼ ਬਾਣੀ' ਕਿੱਥੋਂ ਹੁੰਦੀ ਹੈ? ਇਸ ਫ਼ਤਵੇ ਵਿੱਚ ਕਿੰਨੀ ਕੁ ਸੱਚਾਈ, ਕਿੰਨਾ ਕੁ ਕੁਫ਼ਰ ਹੈ ਅਤੇ ਕਿਉਂ?

5. ਸੰਤ ਹਰਚੰਦ ਸਿੰਘ ਲੌਂਗੋਵਾਲ/ ਸ਼੍ਰੋਮਣੀ ਅਕਾਲੀ ਦਲ/ ਧਰਮ ਯੁੱਧ; ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ/ਦਲ ਖਾਲਸਾ/ ਬੱਬਰ ਖਾਲਸਾ/ ਨਿਰੰਕਾਰੀ; ਜਗਜੀਤ ਸਿੰਘ ਚੌਹਾਨ/ ਖਾਲਿਸਤਾਨ / ਤਲਵਿੰਦਰ ਸਿੰਘ ਬੱਬਰ; ਯੋਗੀ ਭਜਨ– ਇਨ੍ਹਾਂ ਸਾਰਿਆਂ ਦਾ ਆਪਸ ਵਿੱਚ ਕੀ ਸੰਬੰਧ ਹੈ?

6. ਇਨ੍ਹਾਂ ਸਭ ਜੱਥੇਬੰਦੀਆਂ/ ਵਿਅਕਤੀਆਂ ਦੀਆਂ ਸਰਗਰਮੀਆਂ ਦੇ ਪੰਜਾਬ ਦੇ ਲੋਕਾਂ 'ਤੇ ਦੇਸ਼-ਬਦੇਸ਼ ਵਿੱਚ ਕੀ ਅਸਰ ਹੋਏ/ ਹੋ ਰਹੇ ਹਨ? ਬਦੇਸ਼ਾਂ (ਖ਼ਾਸ ਕਰਕੇ ਕੈਨੇਡਾ, ਅਮਰੀਕਾ, ਇੰਗਲੈਂਡ) ਵਿੱਚ ਇਨ੍ਹਾਂ ਲਹਿਰਾਂ ਦਾ ਕਿੰਨਾ ਕੁ ਸਮਰਥਨ ਹੈ; ਕੀ ਪ੍ਰਭਾਵ ਹੈ? ਬਦੇਸ਼ਾਂ ਵਿੱਚ ਇਨ੍ਹਾਂ ਲਹਿਰਾਂ ਦਾ ਮੁੱਖ ਪ੍ਰਭਾਵ ਉਸਾਰਨ ਵਾਲੇ ਅਦਾਰੇ (ਅਖ਼ਬਾਰ, ਜੱਥੇਬੰਦੀਆਂ, ਵਿਅਕਤੀ) ਕੌਣ ਹਨ? ਆਪਣੇ ਪ੍ਰਭਾਵ ਬਣਾਉਣ ਲਈ ਦਸ ਹਜ਼ਾਰ ਮੀਲ ਦੂਰ ਹਿੰਦੁਸਤਾਨ ਤੋਂ ਪਹੁੰਚਣ ਵਾਲੀ INFORMATION ਇਨ੍ਹਾਂ ਨੂੰ ਕਿਹੜੇ ਕਿਹੜੇ ਵਿਅਕਤੀਆਂ/ ਵਸੀਲਿਆਂ ਰਾਹੀਂ ਪੁਜਦੀ ਹੈ? ਉਹ ਕਿੰਨੇ ਕੁ ਭਰੋਸੇ ਯੋਗ ਹਨ? INFORMATION ਦੇ ਠੀਕ ਠੀਕ ਪਹੁੰਚਣ ਅਤੇ ਠੀਕ ਠੀਕ ਵਿਆਖਿਆ ਕੀਤੇ ਜਾਣ ਦੀ ਕਿੰਨੀ ਕੁ ਸੰਭਾਵਨਾ ਹੈ?


ਇਹ ਅਤੇ ਹੋਰ ਸੰਬੰਧਤ ਸਵਾਲਾਂ ਉੱਤੇ ਸਾਨੂੰ ਸਭਨੂੰ ਲੋਕ-ਹਿਤੂ ਪੁਜੀਸ਼ਨਾਂ ਅਪਣਾਉਣੀਆਂ ਚਾਹੀਦੀਆਂ ਹਨ। ਧਰਮ ਜਾਂ ਫਿਰਕਾ-ਪ੍ਰਸਤੀ ਦੇ ਆਧਾਰ ਉੱਤੇ ਪੈਦਾ ਹੋਏ ਰਾਜਾਂ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਵਧੀਆਂ ਹੀ ਹਨ, ਘਟੀਆਂ ਨਹੀਂ – ਅੱਜ ਸਾਡੀਆਂ ਅੱਖਾਂ ਦੇ ਸਾਹਮਣੇ ਹੀ ਨਵੇਂ ਪਾਕਿਸਤਾਨ, ਨਵੇਂ ਬੰਗਲਾ ਦੇਸ਼, ਨਵੇਂ ਈਰਾਨ ਬਣਨ ਦੇ ਹਾਲਾਤ ਪੈਦਾ ਹੋ ਰਹੇ ਹਨ ਜਿੱਥੇ ਵੰਡ-ਵੰਡਾਰੇ/ ਫਿਰਕੂ ਜਨੂੰਨ ਵਿੱਚ ਨੌਜਵਾਨ ਧੀਆਂ ਭੈਣਾਂ ਦੀ ਅਸਮਤ ਦੀ ਹੋਲੀ ਖੇਡੀ ਜਾ ਸਕਦੀ ਹੈ; ਬੇਬੱਸ ਬੱਚਿਆਂ, ਬੁੱਢਿਆਂ, ਇਸਤਰੀਆਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਸਕਦਾ ਹੈ – ਅਤੇ ਸਮਾਜਕ-ਆਰਥਕ-ਰਾਜਨੀਤਕ ਖੇਤਰਾਂ ਵਿੱਚ ਅਨੇਕਾਂ ਭਿਆਨਕ ਮਸਲੇ ਜਨਮ ਲੈਣਗੇ। ਅਗਲੇ ਅੰਕ ਤੋਂ "ਪਾਠਕ-ਲੇਖਕ-ਵਿਚਾਰ-ਚਰਚਾ" ਕਾਲਮ ਵਿੱਚ ਇੱਕ ਗੰਭੀਰ ਬਹਿਸ ਛੇੜਨ ਲਈ ਅਸੀਂ ਸਾਰੇ ਸਾਹਿੱਤਕਾਰਾਂ, ਬੁੱਧੀਜੀਵੀਆਂ, ਪਾਠਕਾਂ ਅਤੇ ਰਾਜਨੀਤਕ ਪਾਰਟੀਆਂ ਨੂੰ ਖੁੱਲਾ ਸੱਦਾ-ਪੱਤਰ ਦਿੰਦੇ ਹਾਂ।

– ਸੰਪਾਦਕ

# ਧਰਤੀ ਦਾ ਨਰਕ-ਸੁਰਗ ਦਾ ਮਾਣ

ਮੌਲਿਕ ਅੰਗਰੇਜ਼ੀ ਕਵਿਤਾ 'MYSTIFICATION' - ਡਾ: ਹਰੀ ਸ਼ਰਮਾ

(ਅਨੁਵਾਦਕ : ਸੁਰਿੰਦਰ ਧੰਜਲ)




ਸੁਰਗ ਦਾ ਮਾਣ ? ਕਲਕੱਤਾ?

ਕਿਉਂ ਨਹੀਂ ?

ਧਰਤੀ ਦਾ ਮਾਣ ਤਾਂ ਇਹ ਪਹਿਲਾਂ ਹੀ ਹੈ
ਆਪਣੇ ਮੰਗਤਿਆਂ ਅਤੇ ਕੋਹੜੀਆਂ ਸਮੇਤ।
ਲਾਵਾਰਸ ਬੱਚੇ ਅਤੇ 'ਗ਼ੈਰ ਕਾਨੂੰਨੀ ਝੌਂਪੜੀਆਂ ਵਾਲੇ'
ਹਜ਼ਾਰਾਂ ਦਰ ਹਜ਼ਾਰਾਂ ਸੜਕ ਕਿਨਾਰੇ ਰੁਲਣ ਵਾਲੇ
ਗੰਦ ਦੇ ਢੇਰ ਅਤੇ ਪਵਿੱਤਰ ਗਊਆਂ
ਮੰਡੀਆਂ 'ਚ ਮਨੁੱਖੀ ਜਿਸਮ
ਖੁੱਲ-ਬਹਾਰੇ ਪਿਸ਼ਾਬਖਾਨੇ
ਭਰ ਭਰ ਡੁੱਲਦੀਆਂ ਬੱਸਾਂ ਅਤੇ ਟਰਾਮਾਂ (ਜਦੋਂ ਚਲਦੀਆਂ ਹਨ)
ਕਿੰਨੇ ਹੀ ਉਖਾੜੇ ਹੋਏ ਕਿਸਾਨਾਂ ਦੀ ਸਾਲ ਦਰ ਸਾਲ ਵਧਦੀ ਭੀੜ
ਦੇਸ਼ ਭਰ 'ਚ ਜਾਗੀਰੂ ਜ਼ੁਲਮਾਂ ਦੇ ਸ਼ਿਕਾਰ
ਅਸਮਾਨ ਛੂੰਹਦੀਆਂ ਕੀਮਤਾਂ
ਰਾਸ਼ਨ-ਘਰਾਂ ਮੂਹਰੇ ਕਤਾਰਾਂ ਬਣਾ ਰਹੇ ਲੋਕ
ਪਾਣੀ ਦੀ ਇੱਕ ਬਾਲਟੀ ਖ਼ਾਤਰ, ਤ੍ਰਿਪਦੇ ਨਲਕੇ ਅੱਗੇ
ਖੁੱਲੀ ਮੰਡੀ 'ਚ ਕੋਕਾ ਕੋਲਾ
ਸਮੱਗਲਰ-ਮੰਡੀ 'ਚ ਪਲੇ-ਬੁਆਏ ਰਿਸਾਲੇ
ਅਤੇ ਭੁੱਖ-ਮਰੀਆਂ ਲਾਸ਼ਾਂ

ਹਰ ਥਾਂ ਪੁਲਸ ਅਤੇ ਪੈਰਾ ਮਿਲਟਰੀ
ਲੋਕਾਂ ਨੂੰ ਦਬਕਾ ਰਹੇ
ਨਕਸਲਬਾੜੀਆਂ ਦਾ ਘਾਣ ਕਰਨ ਲਈ ਖੁੱਲੇ ਛੱਡੇ ਕਾਂਗਰਸ ਦੇ ਗੁੰਡੇ

ਇਹ ਅਤੇ ਬਹੁਤ ਕੁਝ ਹੋਰ

ਇਸ ਧਰਤੀ ਦਾ ਇੱਕ ਮਾਣ ਮੱਤਾ ਸ਼ਹਿਰ: ਕਲਕੱਤਾ

ਭੁਲਾ ਦਿਓ ਇਹ ਸਭ ਕੁਝ
ਕਲਕੱਤਾ ਸੁਰਗ ਦਾ ਮਾਣ ਬਣਨ ਦਿਓ !
ਪਰ ਯੂਨਾਈਟਡ ਬੈਂਕ ਦਾ ਕੀ ਬਣੇਗਾ ?
ਕੀ ਇਹ ਸੁਰਗਾਂ ਦੇ ਅਸ਼ੀਰਵਾਦ ਨਾਲ ਜ਼ਿੰਦਾ ਰਹੇਗੀ?
ਧਰਤੀ ਦੇ ਮੁਨਾਫ਼ੇ ਤੋਂ ਬਗ਼ੈਰ ?

## ਕਲਕੱਤਾ

ਇਕਬਾਲ ਰਾਮੂਵਾਲੀਆ

ਰੱਪਾ ਕੁ ਆਖ਼ਰ ਮਿਲ ਗਿਆ ਫੁੱਟਪਾਥ ਰਾਤ ਭਰ।
ਏਦਾਂ ਰਿਹਾ ਕੁਝ ਮਿਹਰਬਾਂ, ਦੁਸ਼ਮਣ ਜਿਹਾ ਨਗਰ।

ਨਾ ਕੋਲ ਮੇਰੇ ਜੇਬ ਹੈ, ਨਾ ਹੀ ਬਲੇਡ ਹੈ,
ਏਦਾਂ ਨਹੀਂ ਦੇਂਦੇ ਕਰਨ ਉਹ ਸ਼ਹਿਰ ਦਾ ਸਫ਼ਰ।

ਫੁੱਲਾਂ ਨੂੰ ਸੂਈਆਂ ਤੈਂਦੀਆਂ ਟਹਿਣੀ ਲਈ ਸਿਵਾ,
ਮੇਰੀ ਰਜ਼ਾ ਪੁੱਛਦੀ ਵਿਛੀ ਮੀਲਾਂ 'ਚ ਏਹ ਕਬਰ।

ਸੜੀਆਂ ਦੁਕਾਨਾਂ ਖਾ ਗਈਆਂ ਅਖ਼ਬਾਰ ਦੇ ਸਫ਼ੇ,
ਫੁਟਪਾਥ ਖਾ ਗਿਆ ਮੇਰੇ ਫੁਟਪਾਥ ਦੀ ਖ਼ਬਰ।

ਸਾਰਾ ਭਿਖਾਰੀ ਸ਼ਹਿਰ ਹੈ, ਬੀਮਾਰ ਲਾਸ਼ ਹੈ,
ਕੋਈ ਸਿਧਾਰਥ ਭਟਕਿਆ ਲਭਦੀ ਰਹੀ ਨਜ਼ਰ।

● (CALCUTTA)

## ਦਰਿੰਦੇ

ਅਵਤਾਰ ਗਿੱਲ

ਮਾਰੋ -
ਮੁਸਲਮਾਨਾਂ ਨੂੰ
ਵੱਢੋ -
ਹਿੰਦੂਆਂ ਨੂੰ
ਟੁੱਕੋ -
ਸਿੱਖਾਂ ਨੂੰ

ਹੈਂ ?
ਇਹ ਜਿਹੜੇ
ਮਾਰੋ, ਵੱਢੋ, ਟੁੱਕੋ ਦਾ
ਮਾਰੂ ਰਾਗ ਅਲਾਪਦੇ ਹਨ
ਇਹ ਜਿਹੜੇ
ਲਾਸ਼ਾਂ ਦੇ ਢੇਰ 'ਤੇ ਖੜਕੇ
ਆਪਣੇ ਕੱਦ ਨਾਪਦੇ ਹਨ
ਇਹ ਕੌਣ ਹਨ ?

ਜਦੋਂ ਤੱਕ
ਥਾਂ ਥਾਂ ਹੈਦਰਾਬਾਦ ਬਣਾਉਣ ਵਾਲੇ
ਘਰ ਘਰ ਲਾਂਬੂ ਲਾਉਣ ਵਾਲੇ
ਖੂੰਖਾਰ ਦਰਿੰਦਿਆਂ ਦੇ
ਦੰਦ ਕੱਢੇ ਨਹੀਂ ਜਾਂਦੇ
ਉਦੋਂ ਤੱਕ
ਇਨ੍ਹਾਂ ਦੇ
ਫਸਤੇ ਵੱਢੇ ਨਹੀਂ ਜਾਂਦੇ।

● (SHERWOOD PARK, ALBERTA)

## ਮਹਿਲੀਂ ਵਸਦੀਆਂ ਧੀਆਂ

ਸੁਰਜੀਤ ਕਲਸੀ

ਮਾਵਾਂ ਠੰਢੀਆਂ ਛਾਵਾਂ
ਮਾਵਾਂ ਦੇ ਸੌ ਮਾਣ ਧੀਆਂ ਨੂੰ
ਦੁੱਖੜੇ ਹਰਦੀਆਂ ਮਾਵਾਂ
ਭੈਣਾਂ ਨਾਲ ਭਰਾਵਾਂ, ਮਾਵਾਂ ਠੰਢੀਆਂ ਛਾਵਾਂ...

ਦੱਸੋ ਨੀ ਅੱਜ ਕੌਣ ਜੋ ਮੇਰੇ
ਅੱਥਰੂ ਪੂੰਝੇ ਆ ਕੇ
ਦਿਲ ਮੇਰੇ ਨੂੰ ਦੇਵੇ ਦਿਲਾਸਾ
ਸੀਨੇ ਦੇ ਨਾਲ ਲਾ ਕੇ
ਰੋਂਦੀ ਨੂੰ ਚੁੱਪ ਕੌਣ ਕਰਾਵੇ
ਸੁਣਕੇ ਮੇਰੀਆਂ ਹਾਵਾਂ, ਮਾਵਾਂ ਠੰਢੀਆਂ ਛਾਵਾਂ...

ਕਰ ਕੇ ਉੱਚਾ ਸ਼ਮਲਾ ਬਾਬਲ
ਤੁਰ ਗਈ ਪਿੰਡ ਦੀਆਂ ਗਲੀਆਂ
ਕਹਿ ਦੇਈਂ ਮਹਿਲੀਂ ਵਸਦੀ ਧੀ
ਨਾ ਦੱਸੀਂ ਕਿੰਜ ਮੈਂ ਰੁਲੀ ਆਂ
ਮਨ ਦੀ ਵਿਥਿਆ ਕੌਣ ਸੁਣੇਗਾ
ਬਿਨ ਆਪਣੀਆਂ ਮਾਵਾਂ, ਮਾਵਾਂ ਠੰਢੀਆਂ ਛਾਵਾਂ...

ਦੇਸ ਬੇਗਾਨੇ ਹੋਈ ਪਰਦੇਸਨ
ਗੈਰਾਂ ਦੇ ਵਿੱਚ ਆ ਕੇ
ਕੌਣ ਸੁਣੇਗਾ ਦਿਲ ਦਾ ਦੁੱਖੜਾ
ਕੌਣ ਦਰਦ ਵੰਡਾਵੇ
ਕਿੰਜ ਮੈਂ ਭੇਜਾਂ ਸੁੱਖ ਸੁਨੇਹੜੇ
ਕਿੰਜ ਲਿਖ ਚਿੱਠੀਆਂ ਮੈਂ ਪਾਵਾਂ, ਮਾਵਾਂ ਠੰਢੀਆਂ ਛਾਵਾਂ...

ਦਰ ਸਾਂਈ ਦੇ ਤੋਂ ਬਾਹਰ ਹਾਂ ਬੈਠੀ
ਲੰਘ ਲੰਘ ਲੋਕੀ ਹਸਦੇ
ਭੰਡਦੇ ਵਿੱਚ ਚੌਰਾਹੇ ਮੈਨੂੰ
ਜ਼ਹਿਰੀ ਤੀਰ ਨੇ ਕਸਦੇ
ਕੌਣ ਦੇਊਗਾ ਢੋਈ ਮੈਨੂੰ
ਕਿਸ ਦਰ ਤੇ ਮੈਂ ਜਾਵਾਂ, ਮਾਵਾਂ ਠੰਢੀਆਂ ਛਾਵਾਂ...

(ਨੋਟ: ਇਸ ਕਵਿਤਾ ਦੀਆਂ ਵੱਖ ਵੱਖ ਟੁਕੜੀਆਂ 1982-83 ਵਿੱਚ ਬੀ.ਸੀ. ਖੇਡ ਗਏ ਹੇਠ ਲਿਖੇ ਡਰਾਮਿਆਂ ਵਿੱਚ ਬੈਕ-ਗਰਾਊਂਡ ਪ੍ਰਭਾਵ/ਡਾਇਲਾਗ ਵਜੋਂ ਵਰਤੀਆਂ ਗਈਆਂ:

1. ਇਕ ਕੁੜੀ ਇਕ ਸੁਪਨਾ/ ਅਜਮੇਰ ਰੋਡੇ
   - ਸਤੰਬਰ 1982.
2. ਮਹਿਲੀਂ ਵਸਦੀਆਂ ਧੀਆਂ/ਸੁਰਜੀਤ ਕਲਸੀ
   - ਸਤੰਬਰ 1982 ਅਤੇ ਅਗਸਤ 1983.
3. ਚੇਤਨਾ / ਸੁਰਜੀਤ ਕਲਸੀ
   - ਜੂਨ 1983 ਅਤੇ ਅਗਸਤ 1983.)

● (VANCOUVER, B.C.)

ਕਹਾਣੀ :

# ਬਾਰ੍ਹੀਂ ਬਰਸੀਂ ਖੱਟਣ ਗਿਆ ਸੀ

ਗੁਰਬਖਸ਼ ਦੇਸਾਂਝ

ਰਾਜਿੰਦਰ ਦੇ ਗੁਆਂਢ ਅੱਜ ਵਿਆਹ ਸੀ। 'ਖੱਟਣ ਗਿਆ ਸੀ ........ ਕਮਾਉਣ ਗਿਆ ਸੀ......' ਦੀਆਂ ਆਵਾਜ਼ਾਂ ਨਾਲ ਉਸਦੇ ਜ਼ਿਹਨ 'ਚ ਤੂਫ਼ਾਨ ਉੱਠ ਖਲੋਤਾ। ਤੂਫ਼ਾਨ – ਜਿਸ 'ਚ ਰੂਹ ਸੁੱਕੇ ਹੋਏ ਪੱਤਰਾਂ ਵਾਂਗ ਰੁਲਦੀ ਫਿਰਦੀ ਹੈ, ਕਿਧਰੇ ਟਿਕਾਣਾ ਨਹੀਂ ਮਿਲਦਾ। ਕੰਨਾਂ 'ਚ ਉਂਗਲੀਆਂ ਲੈ ਕੇ ਪਲਸੇਟਵੀਆਂ ਖਾਂਦੀ ਉਹ ਮੰਜੇ ਤੇ ਢਹਿ ਪਈ – ਮੈਨੂੰ ਕੁਝ ਸੁਣਾਈ ਨਾ ਦੇਵੇ। ਪਰ ਨਹੀਂ, ਇਹ ਆਵਾਜ਼ ਤਾਂ ਬਾਹਰ ਨਾਲੋਂ ਵਧੇਰੇ ਉਸ ਦੇ ਆਪਣੇ ਅੰਦਰੋਂ ਆ ਰਹੀ ਸੀ। ਤੇ ਅਥਾਹ ਪਾਣੀਆਂ 'ਚ ਉਹ ਡੁੱਬਦੀ ਜਾ ਰਹੀ ਸੀ।

ਉਹ ਬੇਚੈਨ ਹੋਈ ਸੋਚਾਂ ਦੇ ਕਾਫ਼ਲਿਆਂ 'ਚ ਖੋ ਗਈ। ਉਸ ਦੇ ਪਤੀ ਜਸਮੇਲ ਦੀਆਂ ਅੱਖਾਂ 'ਚ-ਵਿਆਹ ਤੋਂ ਛੇਤੀ ਮਗਰੋਂ ਫਿਕਰਾਂ ਦੇ ਬੱਦਲ ਮੰਡਰਾਉਣ ਲੱਗ ਪਏ। ਗ੍ਰਹਿਸਤ ਜੀਵਨ ਦੀਆਂ ਪੌੜੀਆਂ ਚੜ੍ਹਦਿਆਂ, ਜ਼ਿੰਮੇਵਾਰੀਆਂ ਦੇ ਅਹਿਸਾਸ 'ਚ ਉਸਦਾ ਆਪਾ ਲਰਜ਼ਿਆ ਸੀ। ਮਨ ਆਈ ਅਵਾਰਾਗਰਦੀ ਕਰਨ ਪਿਛੋਂ ਜਿਵੇਂ ਉਹ ਜ਼ਿੰਦਗੀ 'ਚ ਪਹਿਲੀ ਵਾਰੀ ਜਾਗਿਆ ਹੋਵੇ। ਪਹਿਲੀ ਗੱਲ, ਕਿਧਰੇ ਢੰਗ ਦੀ ਨੌਕਰੀ ਨਹੀਂ ਸੀ ਮਿਲ ਰਹੀ। ਸੌ-ਡੇਢ ਸੌ ਤਾਂ ਰੋਟੀ 'ਚੋਂ ਇਕ ਅੱਧ ਬੁਰਕੀ ਮਿਲਣ ਦੇ ਬਰਾਬਰ ਸੀ। ਪੂਰੀ ਰੋਟੀ ਲਈ ਉਸਨੇ ਵਲਾਇਤ ਆਉਣ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿਤੇ। ਰਾਜਿੰਦਰ ਦੀ ਝੋਲੀ 'ਚ ਕਸਮਾਂ, ਵਾਅਦੇ, ਦਿਲਾਸਿਆਂ ਦੀ ਦੌਲਤ ਪਾ ਕੇ ਇਕ ਦਿਨ ਸੈਰ ਕਰਨ ਜਾਣ ਦੇ ਬਹਾਨੇ ਪੱਛਮ ਦੀ ਗੋਦ 'ਚ ਛਿਪ ਗਿਆ। ਰਾਜਿੰਦਰ ਵਿਲਕਦੀ ਰਹਿ ਗਈ। ਅਜੇ ਤਾਂ ਸਧਰਾਂ ਤੇ ਸੇਜਾਂ ਵੀ ਨਹੀਂ ਸਨ ਮਾਣੀਆਂ। ਚੂੜੇ ਨਾਲ ਲੱਗੇ ਸ਼ਗਨਾਂ ਦੇ ਪੱਤੇ ਉਸਦੇ ਅਰਮਾਨਾਂ ਨਾਲ ਖਹਿੰਦੇ ਰਹੇ, ਪੀੜ ਪਲਦੀ ਰਹੀ, ਮਹਿੰਦੀ ਦਾ ਰੰਗ ਫਿੱਕਾ ਪੈਂਦਾ ਗਿਆ।

ਗਿੱਧਾ ਜ਼ੋਰਾਂ 'ਤੇ ਸੀ। ਲੱਗਦਾ ਸੀ ਮੇਲਣਾਂ ਨੇ ਆਪਣੀ ਹਰ ਗਮੀ-ਖੁਸ਼ੀ ਦਾ ਹੰਗਾਮਾ ਕਰਨ ਦੀ ਧਾਰੀ ਹੋਈ ਸੀ। ਰਾਜਿੰਦਰ ਦੀ ਸੋਚ ਨੇ ਹੁੰਗਾਰਾ ਭਰਿਆ — ਸ਼ਾਇਦ ਇਨਸਾਨ ਦਾ ਦੁੱਖ ਸੁੱਖ ਫੋਲਣ ਦਾ ਸਾਰਿਆਂ ਤੋਂ ਵਧੀਆ ਢੰਗ ਲੋਕ-ਗੀਤ ਹੀ ਹੋਣ। ਪਰ ਮੇਰੇ ਲਈ ਕਿਉਂ ਇਹ ਤਸੀਹਾ ਬਣਦੇ ਜਾ ਰਹੇ ਹਨ? ਉਸਨੂੰ ਜ਼ਿੰਦਗੀ ਬਾਰੇ ਰੋਸ ਆਇਆ। ਰੱਬ ਨੂੰ ਜਾ ਕੇ ਕਹਾਂਗੀ - ਜ਼ਿੰਦਗੀ ਮੇਰੇ 'ਤੇ ਜ਼ੁਲਮ ਢਾਹੁੰਦੀ ਰਹੀ ਹੈ।

ਉਸ ਦਿਨ ਸਵੇਰੇ ਉਸ ਦੀ ਸੱਸ ਨੇ ਜ਼ੋਰ ਲਾਇਆ ਸੀ ਕਿ ਜੰਞ ਤੁਰਨ ਵੇਲੇ ਉਹ ਕੁੜੀਆਂ ਨਾਲ ਰਲੀ ਜਾਵੇ। ਪਰ ਉਹ ਗਈ ਨਹੀਂ ਤੇ ਉਸਨੇ ਸਿਰ-ਪੀੜ ਦਾ ਬਹਾਨਾ ਕੀਤਾ ਸੀ। ਉਸ ਨੂੰ ਡਰ ਸੀ ਘੁੱਟ ਘੁੱਟ ਸਾਂਭੀ ਗ਼ਮਾਂ ਦੀ ਗੱਠੜੀ ਖਿਲਰ ਨਾ ਜਾਵੇ। ਪਰ ਗਿੱਧੇ ਨੇ ਤਾਂ ਘਰ ਬੈਠੀ ਦੇ ਅਮਨ ਚੈਨ ਨੂੰ ਵੀ ਭੰਗ ਕਰ ਦਿੱਤਾ ਸੀ।

ਹੁਣ ਉਹ ਅੰਗੀਠੀ 'ਤੇ ਸਜਾਈ ਆਪਣੇ ਵਿਆਹ ਵੇਲੇ ਦੀ ਫੋਟੋ 'ਚੋਂ ਨਵੇਂ ਵਿਆਹੇ ਜਾਣ ਵਾਲੇ ਜੋੜੇ ਦਾ ਭਵਿੱਖ ਕਲਪਣ ਲੱਗੀ। ਉਹ ਵੀ ਸ਼ਾਇਦ ਸਾਡੇ ਵਾਂਗ ਚਾਰ ਦਿਨ ਵਸਲ ਦੇ ਗੁਜ਼ਾਰਨ ਪਿਛੋਂ ਹਿਜਰੋਂ 'ਚ ਤੜਪਣ ਜੋਗੇ ਹੋ ਕੇ ਰਹਿ ਜਾਣਗੇ। ਜੱਟਾਂ ਦੇ ਚੌਹ ਸਿਆੜਾਂ 'ਚੋਂ ਤਾਂ ਦਾਣੇ ਫੱਕੇ ਦਾ ਵੀ ਨਹੀਂ ਸਰਦਾ। ਮਾੜੀਆਂ ਮੋਟੀਆਂ ਨੌਕਰੀਆਂ, ਮਜ਼ਦੂਰੀਆਂ ਤਾਂ ਉਂਝ ਹੀ ਇਨ੍ਹਾਂ ਦੀ ਹੱਤਕ ਆ। ਉਹ ਜੋ ਕਰਮਾ ਸੜੀ ਆਊਗੀ। ਮੇਰੇ ਵਾਂਗ ਸੀਨੇ ਸੀਨੇ ਅਰਮਾਨਾਂ 'ਚ ਦੱਬ ਕੇ ਰਹਿ ਜਾਊ।

'ਚੀਂ ਚੀਂ' ਦੀ ਧੀਮੀ ਆਵਾਜ਼ ਉਸਨੂੰ ਖਿੜਕੀ ਤੱਕ ਲੈ ਗਈ। ਸਾਹਮਣੇ

ਦਰਖਤ ਤੇ ਚਿੜੀਆਂ ਦੇ ਬੱਚੇ ਸ਼ੋਰ ਕਰ ਰਹੇ ਸਨ। ਰਵਿੰਦਰ ਦੇ ਅੰਦਰ ਇਸ ਸ਼ੋਰ 'ਚ ਸਾਰੇ ਸ਼ੋਰ ਗੁੰਮ ਹੋ ਗਏ। ਇਨ੍ਹਾਂ ਦੇ ਮਾਂ-ਬਾਪ ? ਦੂਜੇ ਪਲ ਚਿੜੀ ਵਾਪਸ ਆ ਗਈ ਤੇ ਚੁੰਝ 'ਚ ਭਰਿਆ ਖਾਣਾ ਬੋਟਾਂ ਦੀਆਂ ਚੁੰਝਾਂ 'ਚ ਪਾਉਣ ਲੱਗੀ।

ਕੀ ਵਿਆਹ ਤੋਂ ਪਿੱਛੋਂ ਬੱਚੇ ? ........ ਉਨ੍ਹਾਂ ਦੀ ਪਰਵਰਿਸ਼ .......। ਉਸ ਦੇ ਅੰਦਰ ਮਿੱਠੀ ਮਿੱਠੀ ਪੀੜ-ਰਲੀ-ਖੁਸ਼ੀ ਨੇ ਚੂੰਗੀ ਭਰੀ। ਪਰ..... ਪਰ ਮੈਂ ਵੀ ਤਾਂ ਜਸਮੇਲ ਅੱਗੇ ਕਿੰਨੀਆਂ ਤਰਲਿਆਂ ਦੀਆਂ ਝੜੀਆਂ ਪਾਈਆਂ ਸਨ " ਆਪਾਂ ਅੱਧੀ ਖਾ ਕੇ ਗੁਜ਼ਾਰਾ ਕਰ ਲਵਾਂਗੇ, ਮੈਂ.....ਮੈਂ ਨੌਕਰੀ ਕਰ ਲਊਂ, ਗਹਿਣੇ ਵੇਚ ਦੇਊਂ।"

ਉਹ ਚਿੜਾ ਵੀ ਆ ਗਿਆ ਸੀ। ਤੇ ਚੁੰਝ 'ਚ ਭਰਿਆ ਦਾਣਾ ਚਿੜੀ ਵੱਲ ਵਧਾ ਰਿਹਾ ਸੀ। ਉਸ ਨੂੰ ਮਹਿਸੂਸ ਹੋਇਆ ਸ਼ਾਇਦ ਨਰ ਦਾ ਮਾਣ ਖਟਣ 'ਚ ਹੀ ਹੋਵੇ, ਤਾਂ ਹੀ ਸ਼ਾਇਦ ਜਸਮੇਲ ਮੇਰੀ ਇਸ ਗੱਲ 'ਤੇ ਚੌਂਕਿਆ ਸੀ। "ਨੌਕਰੀ ? ਤੇ ਫਿਰ ਤੂੰ ? ..... ਨਹੀਂ, ਮੈਂ ਅਜੇ ਜਿਊਂਦਾ ਹਾਂ। ਲੋਕੀਂ ਸਿਰ ਘੱਟਾ ਪਾਉਣਗੇ, ਫਲਾਣੇ ਦੀ ਬਹੂ, ਫਲਾਣੇ ਦੀ ਨੂੰਹ ਨੌਕਰੀ ਕਰਦੀ ਆ। ਬਗਾਨੇ ਮਰਦਾਂ ਦੀਆਂ ਨਜ਼ਰਾਂ ਤੇਰੇ ਸਰੀਰ ਦਾ ਮੁਆਇਨਾ ਕਰਨਗੀਆਂ।"

ਉਸ ਨੂੰ ਖਿਝ ਚੜ੍ਹਦੀ ਰਹੀ। ਕਈ ਵਾਰੀ ਮੁਨਾਸਬ ਸਮਾਂ ਸਮਝ ਕੇ ਪਤੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ। " ਅਸੀਂ ਕਿਹੜੇ ਸੰਸਕਾਰਾਂ ਦੇ ਗੁਲਾਮ ਬਣੇ ਬੈਠੇ ਹਾਂ। ਦੁਨੀਆਂ ਤਾਂ ਬਹੁਤ ਅੱਗੇ ਨਿਕਲ ਚੁੱਕੀ ਆ। ਹੁਣ ਘਰ ਅੰਦਰ ਔਰਤਾਂ ਦੇ ਪੀੜ੍ਹੇ ਡੱਠ ਕੇ ਬੈਠਣ ਦਾ ਵਕਤ ਨਹੀਂ ਰਿਹਾ। ਦੁਨੀਆਂ ਦੀ ਹਰ ਔਰਤ ਹਰ ਖੇਤਰ 'ਚ ਮਰਦ ਨਾਲ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਦੀ ਆ।"

ਜਸਮੇਲ ਥੋੜ੍ਹਾ ਨਰਮ ਪੈ ਜਾਂਦਾ " ਮੈਂ ਆਪਣੀ ਰਾਣੀ ਨੂੰ ਰਾਹਾਂ 'ਚ ਨਹੀਂ ਰੁਲਣ ਦੇਣਾ। ਮੈਂ ਤਾਂ ਤੈਨੂੰ ਰਾਣੀ ਬਣਾ ਕੇ ਰੱਖੂੰ। ਤੇਰਾ ਇਹ ਹੁਸਨ, ਨਾਜ਼ਕ ਬਦਨ ਕਿਤੇ ਕੰਮਾਂ ਦਾ ਭਾਰ ਸਹਿਣ ਜੋਗਾ ਹੈ ? ਮੈਨੂੰ ਇਕ ਵਾਰੀ ਇੰਗਲੈਂਡ ਪਹੁੰਚ ਲੈਣ ਦੇ, ਮੈਂ ਤੈਨੂੰ ਸੋਨੇ ਨਾਲ ਲੱਦ ਦਿਆਂਗਾ।"

ਰਵਿੰਦਰ ਦੇ ਅਰਮਾਨ ਸਿਸਕਦੇ – ਹੂੰਅ ... ਸੋਨਾ! ਇਸ ਤੋਂ ਕੀਮਤੀ ਵੀ ਕੋਈ ਸ਼ੈਅ ਹੁੰਦੀ ਹੈ – ਆਪਣੇਪਣ ਦੀ ਛਾਂ। ਸਾਥ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ। ਜ਼ਿੰਦਗੀ ਦੇ ਕੀਮਤੀ ਪਲ ਗੁਜ਼ਰ ਜਾਂਦੇ ਹਨ, ਇਨ੍ਹਾਂ ਪਲਾਂ ਨੂੰ ਦੁਬਾਰਾ ਨਹੀਂ ਮਾਣਿਆ ਜਾ ਸਕਦਾ।

"ਪੱਤਣਾਂ ਤੇ ਰੋਣ ਖੜੀਆਂ
ਕੰਤ ਜਿਨ੍ਹਾਂ ਦੇ ਪਰਦੇਸੀ।"

ਉਸਨੂੰ ਲੱਗਾ – ਮੈਂ ਜ਼ਿੰਦਗੀ ਦੇ ਪੱਤਣ ਤੇ ਹੀ ਆ ਖੜ੍ਹੀ ਹਾਂ... ਮਲਾਹ ਨਹੀਂ, ਬੇੜੀ ਵੀ ਨਹੀਂ। ਇੰਗਲੈਂਡ ਜਾ ਕੇ ਕੁਝ ਚਿਰ ਤਾਂ ਜਸਮੇਲ ਦੇ ਖ਼ਤ ਛੇਤੀ ਛੇਤੀ ਆਉਂਦੇ ਰਹੇ, ਜੋ ਰਵਿੰਦਰ ਦੇ ਦਿਲ ਦੀ ਔੜ 'ਤੇ ਵਰਖਾ ਦਾ ਕੰਮ ਕਰਦੇ ਰਹੇ। ਪਰ ਹੌਲੀ ਹੌਲੀ ਸਿਲਸਿਲਾ ਮੱਠਾ ਪੈਂਦਾ ਗਿਆ। ਉਸ ਦੇ ਹੋਠਾਂ 'ਚੋਂ ਬੋਲ ਤਿਲਕਦੇ ਰਹਿੰਦੇ –

"ਸਾਨੂੰ ਗ਼ਮੀ-ਖੁਸ਼ੀ ਪੋਂਹਦੀ ਨਾ
ਅੱਖੀਆਂ ਵਿਚ ਰੜਕਦੀ
ਚਿੱਠੀ ਮਾਹੀਏ ਦੀ ਆਉਂਦੀ ਨਾ।"

ਜਸਮੇਲ ਸੈਰ ਦੇ ਬਹਾਨੇ ਗਿਆ ਹੋਣ ਕਰਕੇ, ਉਥੇ ਕਾਨੂੰਨੀ ਤੌਰ 'ਤੇ ਨਹੀਂ ਸੀ ਰਹਿ ਸਕਦਾ। ਉਹ ਤਾਂ ਉਥੇ ਇੱਕ ਭਗੌੜੇ ਕੈਦੀ ਦੀ ਜ਼ਿੰਦਗੀ ਜਿਉਂ ਰਿਹਾ ਸੀ। ਇਨਸ਼ੋਰੈਂਸ ਕਾਰਡ ਨਾ ਬਣਨ ਕਰਕੇ ਉਹ ਗ਼ੈਰ-ਕਾਨੂੰਨੀ ਤੌਰ 'ਤੇ ਕੰਮ 'ਤੇ ਲੱਗਾ ਹੋਇਆ ਸੀ। ਜਿਸ ਬਦਲੇ ਉਸ ਨੂੰ ਏਨੇ ਥੋੜ੍ਹੇ ਪੈਸੇ ਮਿਲਦੇ ਕਿ ਉਸ ਦਾ ਆਪਣਾ ਖਰਚ ਵੀ ਬੜੀ ਮੁਸ਼ਕਲ ਨਾਲ ਪੂਰਾ ਹੁੰਦਾ। ਜੇਕਰ ਕਦੀ ਭੁੱਲ ਚੁੱਕ ਕੇ ਉਹ ਹੋਰ ਪੈਸਿਆਂ ਦੀ ਮੰਗ ਕਰਦਾ ਤਾਂ ਅਗਲੇ ਕਹਿ ਦਿੰਦੇ " ਭਰਾਵਾ! ਨਹੀਂ ਪੁਗਦੇ ਤਾਂ ਹੋਰ ਕਿਧਰੇ ਭਾਲ ਲੈ ਕੰਮ।" ਉਨ੍ਹਾਂ ਨੂੰ ਵੀ ਪੱਕਾ ਪਤਾ ਸੀ ਕਿ ਉਹ ਹੋਰ ਕਿਧਰੇ ਵੀ ਨਹੀਂ ਜਾ ਸਕਦਾ। ਇਸ ਸਿਲਸਿਲੇ ਵਿਚ ਸਾਰੇ ਹੀ ਭਾਰਤੀ ਭਰਾ ਤਾਂ ਲੱਖਾਂਪਤੀ ਹੋ ਗਏ ਪਰ ਜਸਮੇਲ ਵਰਗੇ ਘਰ ਨੂੰ ਕਾਣੀ ਕੌਡੀ ਨਾ ਭੇਜ ਸਕੇ। ਪਿਆਰ ਵਾਲਿਆਂ ਦੀਆਂ ਆਸਾਂ ਦੀ ਪੱਕੀ ਫ਼ਸਲ 'ਤੇ ਗੜੇ-ਮਾਰ ਹੁੰਦੀ ਰਹੀ।

ਕਈ ਵਾਰੀ ਰਵਿੰਦਰ ਦੀ ਸੱਸ ਦਿਖਾਵੀ ਉਸ ਦੇ ਗਹਿਣਿਆਂ ਦਾ ਫ਼ਿਕਰ ਕਰਨ ਲੱਗ ਪੈਂਦੀ ਜੋ ਜਸਮੇਲ ਦੇ ਕਿਰਾਏ ਵਾਸਤੇ ਵੇਚਣੇ ਪਏ ਸਨ – " ਧੀਏ, ਮੈਂ ਤੇਰਾ ਲੇਖਾ ਕਿਥੇ ਦੇਣਾ ਆਂ। ਸੁੱਖ ਨਾਲ ਖਾਣ ਹੰਢਾਉਣ ਦੇ ਦਿਨ ਸੀਗੇ, ਕਿੱਦਾਂ ਰੰਨੋਂ ਨੰਗੋਂ ਬੁੱਚੀ ਹੋ ਕੇ ਬੈਠ ਗਈ ਏਂ। ਖ਼ਬਰੇ ਕਿਹੜੇ ਜਨਮਾਂ ਦੇ ਮਾੜੇ ਕਰਮ ਕੀਤੇ ਹੋਏ ਆ ਜੁ ਨੂੰਹ ਧੀ ਦੇ ਗਹਿਣੇ ਵੇਚਣੇ ਪਏ। ਖਸਮਾਂ ਨੂੰ ਖਾਣੀਆਂ ਗਰਜ਼ਾਂ ਮਾਰ ਲੈਂਦੀਆਂ ਆ। ਮੇਰੀ ਬੜੀ ਰੀਝ ਸੀ ਬਈ ਮੇਰੀ ਨੂੰਹ, ਮੇਰੇ ਵਾਂਗ ਕਦੀ ਗਹਿਣਿਆਂ ਤੋਂ ਖਾਲੀ ਨਹੀਂ ਹੋਊ। ਅੱਛਾ ਜੋ ਉਸ ਵਾ-ਗੁਰੂ ਨੂੰ ਮਨਜ਼ੂਰ।"

ਰਵਿੰਦਰ ਸੱਸ ਦੀ ਮਾਨਸਿਕ ਅਵੱਸਥਾ ਨੂੰ ਸਮਝਦੀ ਹੋਈ ਆਖਦੀ – "ਬੀ ਜੀ ਤੁਸੀਂ ਐਵੇਂ ਚਿੰਤਾ ਨਾ ਕਰਿਆ ਕਰੋ। ਮੈਂ ਤੁਹਾਡੇ ਕੋਲੋਂ ਕਦੀ ਗਹਿਣੇ ਮੰਗੇਥੀਤਾਂ ਨਹੀਂ। ਉਂਜ ਵੀ ਭਲਾ ਅੱਜ ਕਲ੍ਹ ਗਹਿਣੇ ਕੌਣ ਪਾਉਂਦੈ ?"

– "ਨਾ ਨੀ ਧੀਏ। ਸੁੱਖ ਬੋਲ! ਬੁੱਢ ਸੁਹਾਗਣ ਹੋਵੇਂ! ਗਹਿਣਿਆਂ ਤੋਂ ਬਿਨਾਂ ਤੀਵੀਂ ਕਾਹਦੀ ? ਰੱਬ ਤੁਹਾਨੂੰ ਬਹੁਤਾ ਦੇਵੇ। ਦੁਧੀਂ ਨਾਹਵੇਂ ਪੁੱਤੀਂ ਫਲੇਂ।" ਸੱਸ ਦਾ ਦਿਲ ਰੱਖਣ ਲਈ ਉਹ ਉਸਦਾ ਹੱਥ ਘੁਟਦੀ। ਅੱਖਾਂ ਰਾਹੀਂ ਵਹਿ ਵਹਿ ਕਰਦੇ ਦਰਦ ਨੂੰ ਵਿੱਚੋਂ ਵਿਚ ਪੀ ਜਾਂਦੀ।

ਉਹ ਜਸਮੇਲ ਦੀ ਜਦੋਂ ਕਦੇ ਚਿੱਠੀ ਆਉਂਦੀ, ਹਰ ਚਿੱਠੀ 'ਤੇ ਨਵਾਂ ਸਿਰਨਾਵਾਂ ਤੇ ਨਾਉਂ ਹੁੰਦਾ ...ਸਿੰਘ ਦੀ ਥਾਂ - ਰਾਮ ਚੰਦ - ਗਰੀਬ ਦਾਸ - ਸਰਵਣ ਕੁਮਾਰ ਵਗੈਰਾ ਵਗੈਰਾ। ਨਾਵਾਂ ਵਾਂਗ ਲਿਖਤ ਦੇ ਅੱਖਰ ਵੀ ਬਦਲਦੇ ਰਹੇ। ਪਹਿਲਾਂ ਵਰਗੇ ਕੋਮਲ ਅਹਿਸਾਸਾਂ ਦੀ ਖ਼ੁਸ਼ਬੋ ਗਾਇਬ ਸੀ। ਰਵਿੰਦਰ ਨੂੰ ਅਹਿਸਾਸ ਹੁੰਦਾ ਕਿ ਚਿੱਠੀ ਇੱਕੋ ਮਰਦ ਦੀ ਨਾ ਹੋ ਕੇ ਵੱਖਰੇ-ਵੱਖਰੇ ਮਰਦਾਂ ਦੀ ਹੋਵੇ ਤੇ ਇਹ ਚੀਜ਼ ਉਸਦੀ ਜਿਉਂਦੀ ਰੂਹ ਲਈ ਕਬਰ ਬਣ ਜਾਂਦੀ। ਜ਼ਿੰਦਗੀ ਵਿਰੁੱਧ ਰੋਸ 'ਚ ਵਾਧਾ ਹੁੰਦਾ ਗਿਆ –

ਅਸੀਂ ਹਾਂ - ਜੋ ਨਿਰਲੱਜ, ਘੋਰ ਖ਼ਾਰ ਨਿਕਲੇ,
ਤੇਰੀ ਬੇਰੁੱਖੀ ਦਾ ਜਨਾਜ਼ਾ ਤਾਂ ਨਿੱਤ ਨਿਕਲੇ।

ਜਸਮੇਲ ਨੇ ਦੋ ਚਾਰ ਵਾਰੀ ਕੁਝ ਡਾਲਰ ਘਰ ਨੂੰ ਭੇਜੇ ਤੇ ਫਿਰ ਬੱਸ। ਘਰ ਦੀ ਤੰਗੀ ਨੂੰ ਮਹਿਸੂਸਦਿਆਂ, ਰਵਿੰਦਰ ਸੱਸ ਤੋਂ ਨੌਕਰੀ ਕਰਨ ਦੀ ਪਰਵਾਨਗੀ ਲੋੜਦੀ ਪਰ ਉਹ ਕਹਿ ਉਠਦੀ – "ਨਾਂ ਮੇਰਾ ਚੰਦ! ਸਾਨੂੰ ਇੱਜ਼ਤੀਂ ਵਸਦੇ ਰਹਿਣ ਦੇ, ਮੇਰੀ ਮਰੀ ਦੀ ਲਾਸ਼ ਉਪਰ ਦੀ ਤਾਂ ਲੰਘ ਕੇ ਤੂੰ ਜੋ ਚਿੱਤ ਆਵੇ ਕਰੀਂ ਪਰ ਜਿਉਂਦੇ ਜੀ ਤੈਨੂੰ ਘਰੋਂ ਬਾਹਰ ਪੈਰ ਨਹੀਂ ਧਰਨ ਦੇਣਾ। ਮੈਂ ਪੁੱਤ ਨੂੰ ਕੀ ਮੂੰਹ ਦਿਖਾਊਂ।" ਉਹ ਸੱਸ ਦੇ ਚਟਾਨ ਵਰਗੇ ਵਿਸ਼ਵਾਸ਼ ਨਾਲ ਟਕਰਾ ਕੇ ਰਹਿ ਜਾਂਦੀ।

ਉਹ ਵਿਆਹ ਵਾਲੇ ਘਰ ਚੁੱਪਚਾਪ ਸੀ। ਬੈਠਕ ਚੋਂ ਨਿਕਲ ਕੇ ਉਹ ਵਿਹੜੇ 'ਚ ਲੱਗੀਆਂ ਕਲੀਆਂ ਦੇ ਬੂਟੇ ਕੋਲ ਪੈਰਾਂ ਭਾਰ ਆ ਬੈਠੀ – ਜੋ ਉਸਦੇ ਦੁਖ ਸੁਖ ਦਾ ਭਾਈਵਾਲ ਸੀ। ਕਲੀਆਂ 'ਚੋਂ ਉਸਨੂੰ ਕੋਮਲ ਜਜ਼ਬਾਤਾਂ ਜਹੀ ਖ਼ੁਸ਼ਬੋ ਆਉਂਦੀ। ਕਲੀਆਂ ਨੂੰ ਸਹਿਲਾਉਂਦੀ, ਵਾਲਾਂ 'ਚ ਟੰਗਦੀ – ਤੇ ਅੱਜ ਜਿਵੇਂ ਉਹ ਖ਼ਾਮੋਸ਼ ਉਸ ਕੋਲ ਆਪਣਾ ਦਿਲ ਫੋਲ ਰਹੀ ਹੋਵੇ।

ਪੱਛਮ ਵੱਲੋਂ ਹਵਾ ਤਾਂ ਸਵੇਰ ਤੋਂ ਹੀ ਚਲਦੀ ਸੀ – ਪਰ ਹੁਣ ਇਹ ਝੱਖੜ ਵਾਂਗ ਖੜ੍ਹੀ ਹੋ ਗਈ ਸੀ ਤੇ ਬੂਟੇ ਨੂੰ ਬਹੁਤ ਬੇਰਹਿਮੀ ਨਾਲ ਝੰਜੋੜਨ ਲੱਗੀ। ਬੂਟਾ ਲਿਫ ਲਿਫ ਜਾਂਦਾ ਸੀ। ਇੱਕ ਇੱਕ ਕਰਕੇ ਕਲੀਆਂ ਕਿਰਨ ਲੱਗੀਆਂ। ਉਹ ਖੜ੍ਹੀ ਤਕਦੀ ਹੀ ਰਹਿ ਗਈ। ਕੁਝ ਵੀ ਨਾ ਕਰ ਸਕੀ। ਜਿਵੇਂ ਜ਼ਿੰਦਗੀ ਦੇ ਕੰਢੇ 'ਤੇ ਖੜ੍ਹੀ ਉਹ ਬੇਵੱਸ ਝੂਰਦੀ ਰਹੀ ਸੀ।

ਏਨੇ ਚਿਰ ਨੂੰ ਬਾਹਰਲਾ ਦਰਵਾਜ਼ਾ ਜ਼ੋਰ ਨਾਲ ਖੜਕਿਆ। ਉਹ ਤ੍ਰਭਕੀ - ਜਿਵੇਂ ਜ਼ਿੰਦਗੀ ਦੇ ਬੂਹੇ 'ਤੇ ਕਿਸੇ ਦਸਤਕ ਕੀਤੀ ਹੋਵੇ। ਦਰਵਾਜ਼ਾ ਖੋਲ੍ਹਿਆ – ਡਾਕੀਏ ਦੇ ਹੱਥ ਵਿੱਚ ਨੀਲੇ ਰੰਗ ਦਾ ਖ਼ਤ ਵੇਖ ਕੇ ਉਸਦੀ ਧੜਕਣ ਨੂੰ ਕੰਬਣੀ ਲੱਗ ਗਈ। ਖ਼ਤ ਦੀ ਛੋਹ – ਉਸਦੇ ਬਦਨ ਵਿੱਚੋਂ ਬਿਜਲੀ ਦੇ ਕਰੰਟ ਵਾਂਗ ਗੁਜ਼ਰ ਗਈ।

ਖ਼ਤ ਖੋਲ੍ਹਿਆ - ਲਫ਼ਜ਼ ਕਿਸੇ ਤੇਜ਼ ਕਟਾਰ ਵਾਂਗੂੰ ਰੂਹ ਦੇ ਆਰ ਪਾਰ ਹੁੰਦੇ ਗਏ। ਉਹ ਬੇਹੋਸ਼ੀ ਜਿਹੀ 'ਚ ਕੁਰਸੀ ਤੇ ਢਹਿ ਪਈ।

ਉਸਨੂੰ ਲੱਗਾ, ਜਿਵੇਂ ਖ਼ੂਨ ਦੀ ਨਦੀ ਵਗ ਰਹੀ ਹੋਵੇ ਤੇ ਉਹ ਉਸ ਵਿੱਚ ਤਰਦੀ ਜਾ ਰਹੀ ਹੋਵੇ - ਫਿਰ ਕਿਧਰੋਂ ਦਿਓ-ਨੁਮਾ ਜੀਵ ਦਿਖਾਈ ਦਿੱਤਾ। ਪਲ ਪਲ ਉਹ ਰਵਿੰਦਰ ਵੱਲ ਵਧਦਾ ਗਿਆ। ਉਹ-ਉਸਨੂੰ ਪਕੜ ਕੇ ਉਸਦੀਆਂ ਆਂਦਰਾਂ ਖਾਣ ਲੱਗਾ। ਵੇਖਦਿਆਂ ਹੀ ਵੇਖਦਿਆਂ, ਜਿਵੇਂ ਧਰਤੀ ਦਿਓਆਂ ਨਾਲ ਭਰ ਗਈ ਹੋਵੇ ਤੇ ਹਰ ਦਿਓ ਮਜ਼ਲੂਮਾਂ ਨੂੰ ਕੋਹ ਰਿਹਾ ਹੋਵੇ - ਡਰ ਨਾਲ ਉਸਦੀ ਚੀਕ ਨਿਕਲ ਗਈ।

... ਰਵਿੰਦਰ ਦੀ ਸਹੇਲੀ ਦਾ ਖ਼ਤ ਆਇਆ ਸੀ- ਜਸਮੇਲ ਨੇ ਇੰਗਲੈਂਡ 'ਚ ਦੂਸਰਾ ਵਿਆਹ ਕਰਵਾ ਲਿਆ ਸੀ।
ਗਿੱਧਾ ਫੇਰ ਪੈਣ ਲੱਗ ਪਿਆ –
– "ਬਾਰ੍ਹੀਂ ਬਰਸੀਂ ਖੱਟਣ ਗਿਆ ਸੀ ... ... ? • (ENGLAND)


# Jay's Travel Ltd.

10015 - 82 Avenue, Edmonton Alta. T6E 1V1
Ph. 403(432-7017)-4 lines

**COMPLETE TRAVEL SERVICE—WORLDWIDE**

Jay's Travel Ltd.

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

**UNBEATABLE RATES TO**

*India, Pakistan, Sri Lanka, East Africa and Lebanon*

ਕਹਾਣੀ :

# ਤੁਸੀਂ ਝੂਠੇ ਹੋ

ਜਗਦੇਵ ਜਟਾਣਾਂ

ਕੰਮ ਦੇ ਥੱਕੇ ਹੋਏ ਨਰੈਣੇ ਦੀ ਅੱਖ ਲੱਗੀ ਹੀ ਸੀ ਕਿ ਬਾਹਰਲੇ ਦਰਵਾਜ਼ੇ ਦੀ ਬੈੱਲ ਹੋਈ। ਉਹ ਅੱਖਾਂ ਮਲਦਾ ਉਠਿਆ। ਦਰਵਾਜ਼ਾ ਖੋਹਲ ਕੇ ਦੇਖਿਆ ਤਾਂ ਉਸ ਨੂੰ ਆਪਣੀਆਂ ਅੱਖਾਂ 'ਤੇ ਇਤਬਾਰ ਨਾ ਆਇਆ ਕਿ ਜੋ ਉਹ ਵੇਖ ਰਿਹਾ ਹੈ ਹਕੀਕਤ ਹੈ ਜਾਂ ਸੁਪਨਾ। ਅਤਰ ਸਿੰਘ ਤੇ ਉਹ ਵੀ ਨਰੈਣ ਸਿੰਘ ਦੇ ਘਰੇ? ਇਹ ਅਲੋਕਾਰ ਘਟਨਾ ਕਿਵੇਂ ਘਟ ਗਈ। ਸੂਰਜ ਪੱਛਮ ਵੱਲੋਂ ਵੀ ਚੜ੍ਹ ਸਕਦਾ ਹੈ–ਉਹ ਕਦੀ ਸੋਚ ਵੀ ਨਹੀਂ ਸਕਦਾ ਸੀ। ਉਸ ਆਪਣੀਆਂ ਅੱਖਾਂ ਮਲੀਆਂ, ਆਪਣੀ ਬਾਂਹ 'ਤੇ ਚੂੰਢੀ ਵੱਢ ਕੇ ਵੇਖੀ ਮਤਾਂ ਉਹ ਸੁਪਨਾ ਹੀ ਨਾ ਵੇਖ ਰਿਹਾ ਹੋਵੇ। ਪਰ ਉਹ ਤਾਂ ਜਾਗ ਰਿਹਾ ਸੀ ਤੇ ਇਹ ਵੀ ਮੌਤ ਵਰਗਾ ਸੱਚ ਸੀ ਕਿ ਅਤਰ ਸਿੰਘ ਉਸਦੇ ਸਾਹਮਣੇ ਖੜ੍ਹਾ ਸੀ। ਉਸ ਦਾ ਮੱਥਾ ਠਣਕਿਆ: ਸੁੱਖ ਹੋਵੇ ਜੋ ਅਤਰ ਸਿੰਘ ਐਸ ਵੇਲੇ ਉਸ ਦੇ ਘਰ ਆਇਆ।

"ਆਓ ਆਓ ਸਰਦਾਰ ਸਾਹਿਬ ਬਾਹਰ ਕਿਉਂ ਖੜ੍ਹੇ ਓ", ਉਸ ਆਪਣਾ ਆਪ ਸੰਭਾਲਦਿਆਂ ਅਤਰ ਸਿੰਹੁ ਨੂੰ ਆਦਰ ਨਾਲ ਜੀ ਆਇਆਂ ਕਿਹਾ। ਚਾਹ ਪਾਣੀ ਪੁਛਿਆ ਪਰ ਅਤਰ ਸਿੰਘ ਨੇ ਸਿਰ ਹਿਲਾਉਂਦਿਆਂ ਇਨਕਾਰ ਕਰ ਦਿੱਤਾ। ਮੂੰਹੋਂ ਕੁਝ ਨਾ ਕਿਹਾ। ਅੱਖਾਂ ਵਿਚ ਤਰਦੇ ਹੰਝੂ ਦੱਸਦੇ ਸਨ ਕਿ ਗਲਾ ਭਰ ਆਉਣ ਕਾਰਨ ਉਹ ਬੋਲ ਨਹੀਂ ਸਕਿਆ।

"ਧੰਨ ਭਾਗ ਜੋ ਅੱਜ ਕੀੜੀ ਘਰ ਨਰੈਣ ਪਧਾਰੇ ਹਨ, ਸ਼ੁਕਰ ਹੈ ਮਾਲਕ ਦਾ।" ਅਤੇ ਨਰੈਣ ਸਿੰਹੁ ਦੇ ਹੱਥ ਆਪ-ਮੁਹਾਰੇ ਹੀ ਜੁੜ ਗਏ।

"ਬੱਸ... ਬਸ ਸਰਦਾਰ ਨਰੈਣ ਸਿਆਂ ਮੈਨੂੰ ਹੋਰ ਸ਼ਰਮਿੰਦਾ ਨਾ ਕਰ। ਕੀੜੀ ਘਰੇ ਨਰੈਣ ਨਹੀਂ ਭਰਾਵਾ ਅੱਜ ਤਾਂ ਨਰੈਣ ਸਿੰਹੁ ਘਰੇ ਕੀੜੀ ਆਈ ਹੈ।"

"ਸਰਦਾਰ ਜੀ ਸਾਡੇ 'ਤੇ ਇੰਨਾਂ ਭਾਰ ਨਾ ਚੜ੍ਹਾਓ", ਕਹਿਣ ਨੂੰ ਤਾਂ ਉਹ ਕਹਿ ਗਿਆ ਪਰ ਉਹ ਅਤਰ ਸਿੰਹੁ ਦੀ ਨਰਮੀ ਤੇ ਅਧੀਨਗੀ ਵੇਖ ਹੈਰਾਨ ਹੋ ਗਿਆ ਸੀ ਕਿ ਅਜਿਹੀ ਕੀ ਭਾਵੀ ਬੀਤ ਗਈ ਜੋ ਇਹ ਉਲਟੀ ਗੰਗਾ ਵਹਿ ਤੁਰੀ। ਕਿੱਥੇ ਅਤਰ ਸਿੰਹੁ ਬੁਲਾਇਆ 'ਨੀ ਸੀ ਬੋਲਦਾ ਹੁੰਦਾ ਕਿੱਥੇ ਅੱਜ...। ਉਹਨੂੰ ਆਪਣੇ ਕੰਨਾਂ 'ਤੇ ਇਤਬਾਰ ਨਹੀਂ ਸੀ ਆ ਰਿਹਾ ਕਿ ਅਤਰ ਸਿੰਹੁ ਨੇ ਉਸਨੂੰ ਸਰਦਾਰ ਨਰੈਣ ਸਿਆਂ ਕਹਿ ਕੇ ਬੁਲਾਇਐ। ਲੱਗਦੀ ਵਾਹ ਤਾਂ ਉਹ ਬੁਲਾਉਂਦਾ ਹੀ ਨਹੀਂ ਸੀ ਹੁੰਦਾ। ਜੇ ਬੁਲਾਵੇ ਵੀ ਤਾਂ ਨੈਣੇ ਤੋਂ ਵੱਧ ਕਦੇ ਉਹਦਾ ਨਾਂ ਨਹੀਂ ਸੀ ਲੈਂਦਾ। ਉਹ ਬਹੁਤਾ ਜ਼ਬਤ ਨਾ ਰੱਖ ਸਕਿਆ ਤੇ ਪੁੱਛ ਹੀ ਲਿਆ: "ਕੀ ਗੱਲ ਸਰਦਾਰ ਜੀ ਸੁੱਖ ਤਾਂ ਹੈ?"

"ਸੁੱਖ ਕਾਹਦੀ ਭਰਾਵਾ! ਸੁੱਖ ਵਿਚ ਕੌਣ ਕਿਸੇ ਨੂੰ ਯਾਦ ਕਰਦਾ ਐ।" ਅਤਰ ਸਿੰਹੁ ਦੇ ਮੂੰਹੋਂ ਹਉਕੇ ਨਾਲ ਸੱਚ ਵੀ ਨਿਕਲ ਗਿਆ।

"ਕੀ ਬੁਝਾਰਤਾਂ ਪਾਈ ਜਾਂਦੇ ਓ ਕੁਝ ਦੱਸੋ ਵੀ..."

"ਭਰਾਵਾ ਦੱਸਣ ਜੋਗਾ ਕੁਝ ਰਿਹਾ ਈ ਨੀ..." ਤੇ ਉਹਦਾ ਗੱਚ ਭਰ ਆਇਆ। ਕੁੱਝ ਚਿਰ ਰੁਕ ਕੇ ਬੁੱਤ ਬਣੇ ਖੜ੍ਹੇ ਨਰੈਣ ਸਿੰਹੁ ਨੂੰ ਸੰਬੋਧਨ ਹੋਇਆ, "ਨਰੈਣ ਸਿਆਂ, ਕਲ-ਮੂੰਹੀਂ ਨੇ ਤਾਂ ਮੈਨੂੰ ਕਿਧਰੇ ਮੂੰਹ ਵਿਖਾਉਣ ਜੋਗਾ ਨਹੀਂ ਛੱਡਿਆ। ਜਿੰਨ੍ਹਾਂ ਲੋਕਾਂ ਨੂੰ ਮੈਂ ਜੁੱਤੀ ਦੀ ਨੋਕ ਤੇ ਸਮਝਦਾ ਸੀ ਹੁਣ ਉਹੀ ਵਧ ਵਧ ਗੱਲਾਂ ਕਰਨਗੇ। ਭਰਾਵਾ ਮੈਂ ਤਾਂ ਹਾਰ ਗਿਆਂ ਸਮਝਾ ਸਮਝਾ ਕੇ, ਵਾਸਤੇ ਪਾ ਪਾ ਕੇ ਪਰ ਇਸ ਥੋਟੇ ਘੜੇ ਤੇ ਕੋਈ ਅਸਰ ਨਹੀਂ ਹੋਇਆ। ਮੈਂ ਤੇਰੇ ਪੈਰੀਂ ਪੈਂਦਾ ਹਾਂ। ਆਪਣੀ ਇੱਜ਼ਤ ਮਿੱਟੀ ਵਿਚ ਮਿਲ ਰਹੀ ਹੈ। ਚੱਲ ਉੱਠ ਤੂੰ ਹੀ ਸਮਝਾ ਵੇਖ, ਜੇ ਤੇਰੀ ਗੱਲ ਹੀ ਮੰਨ ਲਵੇ।" ਹਟਕੋਰੇ ਲੈ ਲੈ ਅਤਰ ਸਿੰਹੁ ਨੇ ਮਸਾਂ ਗੱਲ ਪੂਰੀ ਕੀਤੀ।

ਸ: ਅਤਰ ਸਿੰਘ ਜੋ ਕਦੀ ਨਰੈਣ ਸਿੰਹੁ ਦਾ ਬੁਲਾਇਆ ਨਹੀਂ ਸੀ ਬੋਲਦਾ ਹੁੰਦਾ। ਉਸ ਆਪ ਤਾਂ ਕੀ ਬੋਲਣਾ ਸੀ ਕਦੇ ਆਪਣੀ ਪਤਨੀ ਨੂੰ ਵੀ ਭਰਾਵਾਂ ਕੋਲ ਜਾਣ ਦੀ ਇਜਾਜ਼ਤ ਨਹੀਂ ਸੀ ਦਿੱਤੀ। ਅੱਜ ਉਹਨਾਂ ਹੀ ਰਿਸ਼ਤੇਦਾਰਾਂ ਦੇ ਤਰਲੇ ਲੈ ਰਿਹਾ ਸੀ ਉਹਨਾਂ ਨੂੰ ਆਪਣੀ ਇੱਜ਼ਤ ਦੇ ਵਾਸਤੇ ਪਾ ਰਿਹਾ ਸੀ।

ਪੈਸਾ ਵੱਡੇ ਵੱਡਿਆਂ ਦੇ ਦਿਮਾਗ ਖ਼ਰਾਬ ਕਰ ਦਿੰਦਾ ਹੈ ਅਤਰ ਸਿੰਘ ਤਾਂ ਸੀ ਹੀ ਪੈਸੇ ਦਾ ਪੁਜਾਰੀ। ਬਚਪਨ ਤੋਂ ਹੀ ਉਸ ਦੀ ਇਕੋ ਤਮੰਨਾ ਸੀ ਧਨਵਾਨ ਆਦਮੀ ਬਣਨ ਦੀ ਅਤੇ ਜਵਾਨੀ

ਵਿਚ ਉਸ ਦੀ ਇਹੀ ਖ਼ਾਹਿਸ਼ ਉਸ ਨੂੰ ਕੈਨੇਡਾ ਖਿੱਚ ਲੈ ਆਈ। ਉਸ ਪੂਰੀ ਈਮਾਨਦਾਰੀ ਅਤੇ ਤਨਦੇਹੀ ਨਾਲ ਦੋ ਦੋ ਸ਼ਿਫਟਾਂ ਕੰਮ ਕੀਤਾ ਅਤੇ ਚੰਗਾ ਪੈਸਾ ਜਮ੍ਹਾਂ ਕੀਤਾ। ਸਾਲ ਕੁ ਬਾਅਦ ਹੀ ਉਸ ਆਪਣੀ ਪਤਨੀ ਅਤੇ ਨੰਨ੍ਹੀ ਮੁੰਨੀ ਧੀ ਜਤਿੰਦਰ ਨੂੰ ਦੇਸ਼ੋਂ ਮੰਗਵਾ ਲਿਆ। ਪੜ੍ਹਿਆ ਲਿਖਿਆ ਹੋਣ ਦੇ ਘੁਮੰਡ ਕਾਰਨ ਉਹ ਆਪਣੇ ਅਨਪੜ੍ਹ ਦੇਸ਼ ਵਾਸੀਆਂ ਅਤੇ ਕੰਮ ਸਾਥੀਆਂ ਨਾਲ ਵੱਧ ਘੱਟ ਹੀ ਗੱਲ ਕਰਦਾ। ਉਹਨਾਂ ਨੂੰ ਜੰਗਲੀ ਤੇ ਉਜੱਡ ਕਹਿੰਦਾ। ਉਸ ਕਿਸੇ ਨਾਲ ਵੀ ਬਹੁਤਾ ਮੇਲ-ਮਿਲਾਪ ਨਹੀਂ ਸੀ ਰੱਖਿਆ। ਖ਼ਾਸ ਕਰ ਪੰਜਾਬ ਕੌਰ ਦੇ ਆਉਣ ਬਾਅਦ ਤਾਂ ਉਹ ਲੋਕਾਂ ਵੱਲੋਂ ਉੱਕਾ ਹੀ ਕੱਟਿਆ ਗਿਆ। ਉਸ ਦੀ ਛੋਟੀ ਜਿਹੀ ਦੁਨੀਆਂ ਬੜੀ ਖੁਸ਼ਹਾਲ ਸੀ। ਉਹ ਹਰ ਸਮੇਂ ਪੈਸਾ ਕਮਾਉਣ ਬਾਰੇ ਸੋਚਦਾ ਰਹਿੰਦਾ। ਉਸ ਪੈਸਾ ਕਈ ਜਗ੍ਹਾ 'ਇਨਵੈਸਟ' ਕੀਤਾ ਅਤੇ ਮੁਨਾਫ਼ੇ ਨਾਲ ਚੰਗੇ ਹੱਥ ਰੰਗੇ। ਅੱਜ ਅਤਰ ਸਿੰਘ ਚੰਗੀ ਮੋਟੀ ਸਾਮੀ ਬਣਿਆ ਹੋਇਆ ਸੀ।

ਘਰ ਵਿਚ ਹਰ ਲੋੜੀਂਦੀ ਚੀਜ਼ ਮੌਜੂਦ ਸੀ। ਅਤਰ ਸਿੰਘ ਪੰਜਾਬ ਕੌਰ ਦੇ ਹਰ ਸੁੱਖ ਦਾ ਖ਼ਿਆਲ ਰੱਖਦਾ ਪਰ ਫਿਰ ਵੀ ਕਦੀ ਕਦੀ ਪੰਜਾਬ ਕੌਰ ਦੇ ਅੰਦਰੋਂ ਕੋਈ ਦੁੱਖ ਉੱਠਦਾ ਜੋ ਉਸ ਦੇ ਵੱਸੋਂ ਬਾਹਰ ਹੋ ਉਸ ਦੇ ਖੁਸ਼ ਅਤੇ ਸ਼ਾਂਤ ਚਿਹਰੇ ਨੂੰ ਫ਼ਿਕਰ ਤੇ ਗ਼ਮ ਦੀ ਧੁੰਦ ਵਿਚ ਲਪੇਟ ਲੈਂਦਾ। ਉਸ ਦਾ ਹਉਕਾ ਨਿਕਲ ਜਾਂਦਾ। ਕਾਸ਼! ਕੋਈ ਮੇਰਾ ਮਾਂ-ਜਾਇਆ ਵੀ ਇਧਰ ਆ ਜਾਂਦਾ। ਉਸ ਅਤਰ ਸਿੰਘ ਨਾਲ ਕਈ ਵਾਰ ਗੱਲ ਚਲਾਈ ਪਰ ਉਸ ਕੋਈ ਭਰਵਾਂ ਹੁੰਗਾਰਾ ਨਾ ਭਰਿਆ। ਹਰ ਵਾਰ ਟਾਲ ਮਟੋਲ ਤੋਂ ਕੰਮ ਲੈ ਲੈਂਦਾ ਪਰ ਪੰਜਾਬ ਕੌਰ ਨੇ ਵੀ ਹਾਰ ਨਾ ਮੰਨੀ। ਕਹਿੰਦੇ ਹਨ ਕਿ ਘਸਦਾ ਘਸਦਾ ਤਾਂ ਪੱਥਰ ਵੀ ਘਸ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬ ਕੌਰ ਦੇ ਮਿੰਨਤਾਂ ਤਰਲਿਆਂ ਨਾਲ ਅਤਰ ਸਿੰਘ ਦਾ ਪੱਥਰ ਮਨ ਵੀ ਪਿਘਲ ਗਿਆ ਅਤੇ ਉਸ ਆਪਣੇ ਸਹੁਰਿਆਂ ਦੀ ਅਰਜ਼ੀ ਭਰ ਦਿੱਤੀ। ਬੇਸ਼ੱਕ ਨਰੈਣੇ ਦੀ ਉਮਰ ਵੱਡੀ ਸੀ ਪਰ ਫਿਰ ਵੀ ਉਹਨਾਂ ਕਈਆਂ ਦੀਆਂ ਜੇਬਾਂ ਅਤੇ ਕਈਆਂ ਦੇ ਗਲੇ ਗਰਮ ਕਰ ਅਤੇ ਕਈ ਕਿਸਮ ਦੀਆਂ ਤਕਲੀਫ਼ਾਂ ਪਾਰ ਕਰ ਨੈਣੇ ਨੂੰ ਮਾਂ-ਪਿਉ ਨਾਲ ਕੈਨੇਡਾ ਆਉਂਦਾ ਕਰ ਹੀ ਲਿਆ। ਪੰਜਾਬ ਕੌਰ ਬਹੁਤ ਖੁਸ਼ ਸੀ, ਹੁੰਦੀ ਵੀ ਕਿਉਂ ਨਾ? ਉਸ ਦੇ ਮਨ ਦੀ ਮੁਰਾਦ ਪੂਰੀ ਹੋਈ ਸੀ।

ਹਰ ਕੋਈ ਖੁਸ਼ ਸੀ। ਸਮਾਂ ਆਪਣੀ ਮਸਤ ਚਾਲ ਚਲਦਾ ਰਿਹਾ। ਕੁਝ ਦੇਰ ਬਾਅਦ ਜੋ ਅਕਸਰ ਹਰ ਘਰ ਵਿਚ ਵਾਪਰਦਾ ਹੈ ਉਹੀ ਇਸ ਘਰੇ ਵੀ ਵਾਪਰਿਆ। ਨਵਾਂ ਆਇਆ ਪਰਵਾਰ ਰਿਸ਼ਤੇਦਾਰੀ, ਮੋਹ-ਮੁਹੱਬਤ ਤੇ ਆਪਣੱਤ ਦਾ ਆਸਰਾ ਲੋਚਦਾ ਸੀ ਪਰ ਅਤਰ ਸਿੰਘ ਲਈ ਸਾਰੇ ਰਿਸ਼ਤੇ, ਨਾਤੇ ਡਾਲਰਾਂ ਦੀ ਚਮਕ ਵਿਚ ਮੱਧਮ ਪਏ ਹੋਏ ਸਨ ਜਿਸ ਕਾਰਨ ਇਹ ਪਰਵਾਰ ਉਸ ਨੂੰ ਆਪਣੇ ਤੇ ਇਕ ਬੋਝ ਜਾਪਣ ਲੱਗ ਪਿਆ। ਕੈਨੇਡਾ ਵਿਚ ਰਹਿੰਦੇ ਬਹੁਤੇ ਹਿੰਦੁਸਤਾਨੀ ਆਪਣੇ ਰਿਸ਼ਤੇਦਾਰਾਂ ਜਾਂ ਭੈਣ-ਭਰਾਵਾਂ ਨੂੰ ਪਹਿਲਾਂ ਤਾਂ ਬੜੇ ਚਾਵਾਂ ਤੇ ਮਲ੍ਹਾਰਾਂ ਨਾਲ ਸੱਦ ਲੈਂਦੇ ਹਨ ਪਰ ਕੁਝ ਦੇਰ ਬਾਅਦ ਕੋਈ ਕਰਮਾਂ ਵਾਲਾ ਹੀ ਪਿਆਰ ਹੋਵੇਗਾ ਜੋ ਆਪਸ ਵਿਚ ਮਿਲਵਰਤਨ ਰੱਖਦਾ ਹੋਵੇ। ਬਾਅਦ ਵਿਚ ਤਾਂ ਅਕਸਰ 'ਸਾਲਾ ਸੌਖਿਆਂ ਮਗਰ ਸਿੱਟੇ ਤੁੜਾਉਂਦਾ ਚੰਗਾ ਸੀ ਐਥੇ ਆ ਕੇ ਟੂਕ ਨੂੰ ਚੁੰਚ ਦੱਸਣ ਲੱਗ ਪਿਐ', 'ਬੰਦਾ ਕੀਤੇ ਅਹਿਸਾਨ ਦੀ ਈ ਸ਼ਰਮ ਮੰਨਦੈ,' 'ਇਹ ਤਾਂ ਗਏ ਹੋਰ ਨਿੱਕਲੇ, ਮਤਲਬ ਵੇਲੇ ਜਿਹੜੇ ਬਾਈ ਜੀ ਦੇ ਰੱਖਣ ਦੇ ਸੀ ਹੁਣ ਉਸੇ ਨੂੰ ਅਕਲ ਸਿਖਾਉਂਦੇ ਐ; ਰੋਟੀ ਜੋ ਰੱਜਕੇ ਖਾਣ ਲੱਗਗੇ' ਜਾਂ 'ਇਹੋ ਜਿਹਿਆਂ ਨੂੰ ਕੋਈ ਕੋਲ ਨੀ ਸੀ ਖੜ੍ਹਨ ਦਿੰਦਾ। ਸਾਰਾ ਦਿਨ ਰਹੇ ਆਲਾ ਟੋਕਰਾ ਨੀ ਸੀ ਸਿਰੋਂ ਲੱਥਦਾ ਤੇ ਹੁਣ ਬਣਗੀ ਸਰਦਾਰਨੀ, ਸਾਰ ਗਾਰੇ ਬਿਨਾ ਤੁਰਦੀ ਈ ਨੀ।' ਜੇ ਦੂਜੀ ਧਿਰ ਨੂੰ ਸੁਣੋ 'ਭਰਾਵਾ ਕੀ ਦੱਸੀਏ, ਦੇਸ਼ ਸੁਣਦੇ ਹੁੰਦੇ ਸੀ ਬਈ ਮਾਸਟਰ ਸਿਆਣਿਆਂ ਨੂੰ ਤਾਂ ਕੁੱਟਦੇ ਐ ਬਈ ਉਹਨਾਂ ਨੂੰ ਵੀ ਮਾਸਟਰਾਂ ਨੇ ਕੁੱਟਿਆ ਸੀ ਤੇ ਹੁਣ ਉਹੀ ਹੋਰਾਂ ਨਾਲ ਵਾਪਰੀ ਜਾਂਦੈ। ਆਹ ਸਾਡੇ ਆਲਿਆਂ ਨੂੰ ਇਹਨਾਂ ਦੇ ਰਿਸ਼ਤੇਦਾਰਾਂ ਨੇ ਸੱਦਿਆ ਸੀ ਤੇ ਮਗਰੋਂ ਨਾਸੀਂ ਧੂੰਆਂ ਦੇ ਕੇ ਘਰੋਂ ਕੱਢੇ ਹੁਣ ਇਹ ਉਹੋ ਵੀਹੜੀ ਸਾਥੋਂ ਲੈਂਦੇ ਐ।' ਜਾਂ 'ਬਾਈ ਇਹ ਤਾਂ ਸੁੱਖ ਦੀ ਰੋਟੀ ਖਾਂਦੇ ਵੇਖ ਨੀ ਜਰਦੇ। ਉੱਤੋਂ ਧਰਮਾਤਮਾ ਬਣਦੇ ਐ ਵਿਚੋਂ ਸਾੜੇ ਦੇ ਭਰੇ ਐ।' ਬੱਸ ਚੁਪ ਈ ਭਲੀ ਐ ਭਰਾਵਾ।'— ਆਦਿਕ ਹੀ ਸੁਣਨ ਨੂੰ ਮਿਲਦੇ ਹਨ। ਅਸਲੀਅਤ ਤਾਂ ਵਾਹਿਗੁਰੂ ਹੀ ਜਾਣਦਾ ਹੈ ਕੌਣ ਠੀਕ ਹੈ ਤੇ ਕੌਣ ਗ਼ਲਤ। ਕੁਝ ਦੇਰ ਬਾਦ ਇਹੋ ਜਿਹਾ ਹੀ ਕੁਝ ਇਸ ਪਰਵਾਰ ਬਾਰੇ ਵੀ ਸੁਣਿਆ ਸੀ ਤੇ ਉਸ ਤੋਂ ਬਾਅਦ ਮਿਲਵਰਤਣ ਤਾਂ ਇਕ ਪਾਸੇ, ਅਤਰ ਸਿੰਘ ਨਰੈਣੇ ਦਾ ਨਾਂ ਤੱਕ ਨਹੀਂ ਸੀ ਸੁਣਨਾ ਚਾਹੁੰਦਾ। ਵਿਚਾਰਾ ਨਰੈਣ ਸਿੰਘ ਅਕਸਰ ਵੇਲਾ ਕੁਵੇਲਾ ਵੇਖ ਕੇ ਬੱਚਿਆਂ ਨੂੰ ਮਿਲ ਗਿਲ ਜਾਂਦਾ।

ਕਿਸੇ ਪੰਜਾਬੀ ਪਰਵਾਰ ਨਾਲ ਤਾਂ ਅਤਰ ਸਿੰਘ ਦਾ ਆਉਣ ਜਾਣ ਤਾਂ ਪਹਿਲਾਂ ਹੀ ਨਹੀਂ ਸੀ ਪਰ ਹੁਣ ਤਾਂ ਉਸ ਨੂੰ ਪੰਜਾਬੀਆਂ ਨਾਲ ਇਕ ਕਿਸਮ ਦੀ ਚਿੜ੍ਹ ਹੀ ਹੋ ਗਈ ਸੀ। ਉਹ ਪੰਜਾਬੀਆਂ ਨੂੰ ਬੁਲਾਉਣ ਵਿਚ ਵੀ ਹੇਠੀ ਸਮਝਦਾ। ਘਰ ਵਿਚ ਵੀ ਪੱਛਮੀ ਤੌਰ ਤਰੀਕੇ ਹੀ ਵਰਤੇ ਜਾਂਦੇ। ਹੋਰ ਤਾਂ ਹੋਰ ਅਤਰ ਸਿੰਘ ਨੇ ਸਕੂਲ ਜਾਣ ਲੱਗੀ ਜਤਿੰਦਰ ਨੂੰ ਸਭ ਤੋਂ ਪਹਿਲੀ ਨਸੀਹਤ ਹੀ ਇਹ ਦਿੱਤੀ ਕਿ ਕਿਸੇ ਵੀ ਪੰਜਾਬੀ ਨਾਲ ਮੇਲ-ਮਿਲਾਪ ਨਾ ਰੱਖੇ। "ਬੇਟਾ ਤੂੰ ਨਹੀਂ ਜਾਣਦੀ, ਆਪਣੇ ਲੋਕ ਬਹੁਤ ਬੁਰੇ ਹਨ, ਇਨ੍ਹਾਂ ਨੂੰ ਬਹੁਤਾ ਮੂੰਹ ਨਹੀਂ ਲਾਉਣਾ ਚਾਹੀਦਾ।"

ਜਤਿੰਦਰ ਵੀ ਤਾਂ ਅਤਰ ਸਿੰਘ ਦੀ ਧੀ ਸੀ। ਉਸ ਨੂੰ ਭਲਾ ਪੰਜਾਬੀਆਂ ਨਾਲ ਕੀ ਉਨਸ ਹੋ ਸਕਦੀ ਸੀ। ਉਪਰੋਂ ਪਿਤਾ ਦਾ ਉਪਦੇਸ਼, ਜਿਸਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਉਸ ਪਿਤਾ ਦੀ ਸਿੱਖਿਆ 'ਤੇ ਅਮਲ ਕਰਦਿਆਂ ਕਿਸੇ ਵੀ 'ਈਸਟ ਇੰਡੀਅਨ' ਨਾਲ ਦੋਸਤੀ ਨਾ ਕੀਤੀ। ਉਸ ਦਾ ਬਹਿਣ ਉਠਣ ਗੋਰੇ ਛੋਕਰਿਆਂ ਨਾਲ ਹੋ ਗਿਆ ਜੋ ਵਧਦਾ ਗਿਆ, ਵਧਦਾ ਗਿਆ।

ਪੰਜਾਬ ਕੌਰ ਨੂੰ ਧੀ ਦੀ ਚਿੰਤਾ ਵੱਢ ਵੱਢ ਖਾਣ ਲੱਗੀ। ਉਸ ਆਪਣੇ ਪਤੀ ਨਾਲ ਜੀਤਾਂ ਦੀ ਸ਼ਾਦੀ ਬਾਰੇ ਗੱਲ ਚਲਾਈ। 'ਅਗਾਂਹ ਵਧੂ' ਖ਼ਿਆਲਾਂ ਦੇ ਮਾਲਕ ਅਤਰ ਸਿੰਘ ਨੇ ਆਪਣੀ ਬੇਟੀ ਦੀ ਸਲਾਹ ਲੈਣੀ ਵੀ ਜ਼ਰੂਰੀ ਸਮਝੀ, ਅਖ਼ਰ ਸ਼ਾਦੀ ਤਾਂ ਜੀਤਾਂ ਨੇ ਹੀ ਕਰਨੀ ਸੀ ਨਾ! ਪਰ ਜਦ ਜੀਤਾਂ ਨੇ ਆਪਣੀ ਰਾਇ ਸੁਣਾਈ ਤਾਂ ਸਰਦਾਰ ਹੁਰਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਜਿਸ ਦਾ ਫਲ-ਸਰੂਪ ਅਤਰ ਸਿੰਘ ਨੂੰ ਆਪਣੇ ਰਿਸ਼ਤੇਦਾਰਾਂ ਦੀ ਯਾਦ ਆਈ।

ਅਤਰ ਸਿੰਘ ਤੋਂ ਸਾਰੀ ਗੱਲ ਸੁਣ ਨਰੈਣ ਸਿੰਘ ਵੀ ਬੇਚੈਨ ਹੋ ਗਿਆ। ਉਹ ਫਟਾਫਟ ਤਿਆਰ ਹੋਇਆ ਤੇ ਦੋਵੇਂ ਅਤਰ ਸਿੰਘ ਦੇ ਘਰ ਨੂੰ ਰਵਾਨਾ ਹੋ ਗਏ। ਸਾਰੇ ਰਾਹ ਦੋਹਾਂ ਵਿਚ ਕੋਈ ਹੋਰ ਗੱਲ ਨਾ ਹੋਈ ਸ਼ਾਇਦ ਦੋਵੇਂ ਆਪਣੇ ਆਪਣੇ ਥਾਂ ਆਉਣ ਵਾਲੀ ਸਥਿਤੀ ਲਈ ਤਿਆਰ ਕਰ ਰਹੇ ਹੋਣ।

ਘਰ ਪਹੁੰਚ ਨਰੈਣ ਸਿੰਘ ਸਿੱਧਾ ਜੀਤਾਂ ਦੇ ਕਮਰੇ ਵਿਚ ਗਿਆ। ਜੀਤਾਂ ਸ਼ਾਇਦ ਕੋਈ ਕਿਤਾਬ ਪੜ੍ਹ ਰਹੀ ਸੀ। ਉਸ ਅਸੇ ਨੂੰ 'ਹੈਲੋ' ਕਹੀ ਤੇ ਫਿਰ ਕਿਤਾਬ ਦੇ ਪੰਨਿਆਂ ਵਿਚ ਗਵਾਚ ਗਈ। ਨਰੈਣ ਸਿੰਘ ਨੂੰ ਕੁਝ ਵੀ ਸਮਝ ਨਹੀਂ ਸੀ ਪੈ ਰਹੀ ਕਿ ਉਹ ਗੱਲ ਕਿਸ ਤਰ੍ਹਾਂ ਤੇ ਕਿਥੋਂ ਸ਼ੁਰੂ ਕਰੇ। ਪਰ ਚੁੱਪ ਕੀਤੇ ਵੀ ਕਿੰਨਾ ਕੁ ਚਿਰ ਸਰਨਾ ਸੀ ਆਖਰ ਗੱਲ ਤਾਂ ਤੋਰਨੀ ਹੀ ਪੈਣੀ ਸੀ।

"ਜੀਤਾਂ ......" ਨਰੈਣ ਸਿੰਘ ਸਿਰਫ ਇੰਨਾ ਹੀ ਕਹਿ ਸਕਿਆ, ਜਿਵੇਂ ਉਸ ਦਾ ਗਲਾ ਰੁਕ ਗਿਆ ਹੋਵੇ। ਜੀਤਾਂ ਨੇ ਨਿਗਾਹ ਉਪਰ ਚੁਕ ਉਸ ਵੱਲ ਵੇਖਦਿਆਂ ਪੁੱਛਿਆ, "ਯੈੱਸ ਅੰਕਲ, ਤੁਸੀਂ ਕੁਛ ਮੈਨੂੰ ਆਖਿਆ?" ਬੇਸ਼ੱਕ ਪੰਜਾਬੀ ਬੋਲਣ ਵਿਚ ਉਸ ਨੂੰ ਕਾਫੀ ਤਕਲੀਫ ਉਠਾਉਣੀ ਪੈ ਰਹੀ ਸੀ ਪਰ ਉਹ ਜਾਣਦੀ ਸੀ ਕਿ ਨਰੈਣ ਸਿੰਘ ਬਹੁਤਾ ਪੜ੍ਹਿਆ ਹੋਇਆ ਨਹੀਂ ਸੋ ਉਸ ਨੂੰ ਇਹ ਜ਼ਹਿਮਤ ਉਠਾਉਣੀ ਪੈ ਰਹੀ ਸੀ।

"ਬੇਟਾ, ਮੈਂ ਤੇਰੇ ਨਾਲ ਤੇਰੀ ਸ਼ਾਦੀ ਬਾਰੇ ਗੱਲ ਕਰਨੀ ਚਾਹੁੰਦਾ ਹਾਂ।"

"ਅੰਕਲ, ਆਈ ਟੋਲਡ ਡੈਡੀ ਆਈ ਮੀਨ ਮੈਂ ਡੈਡੀ ਨੂੰ ਦੱਸਿਆ ਮੈਂ ਗੋਰਡੀ ਨੂੰ ਲਵ ਕਰਦੀ ਹਾਂ ਤੇ ਉਹਦੇ ਨਾਲ ਮੈਰਿਜ ਵੀ ਕਰਨੀ ਮੈਂ।"

"ਨਹੀਂ ਬੇਟਾ ਇਹ ਲੋਕ ਮੇਰਾ ਮਤਲਬ ਗੋਰਿਆਂ ਤੋਂ ਹੈ, ਚੰਗੇ ਨਹੀਂ। ਸਾਡੀ ਸਭਿਅਤਾ ਇਹ ਇਜਾਜ਼ਤ ਨਹੀਂ ਦਿੰਦੀ। ਉਂਞ ਆਪਣੇ ਈਸਟ ਇੰਡੀਅਨ ਇੰਨਾਂ ਨਾਲੋਂ ਲੱਖ ਦਰਜੇ ਚੰਗੇ ਹਨ। ਜੇ ਤੂੰ ਗੋਰੇ ਨਾਲ ਵਿਆਹ ਕੀਤਾ ਤਾਂ ਲੋਕ ਕੀ ਕਹਿਣਗੇ ਤੇਰੇ ਡੈਡੀ ਦੀ ਬੇਇਜ਼ਤੀ ਹੋਵੇਗੀ।"

"ਹਾਂ ਹਾਂ ਬੇਟੀ ਆਪਣੇ ਲੋਕ ਤਾਂ ਗੋਰਿਆਂ ਤੋਂ ਲੱਖ ਦਰਜੇ ਚੰਗੇ ਹਨ।" ਅਤਰ ਸਿੰਘ ਨੇ ਨਰੈਣ ਸਿੰਘ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਕਿਹਾ।

"ਯੂ ਆਰ ਏ ਲਾਇਰ, ਬਿੱਗ ਲਾਇਰ। ਆਈ ਡੋਂਟ ਬਲੀਵ ਯੂ।" ਤੇ ਫਿਰ ਉਹ ਨਰੈਣ ਸਿੰਘ ਨੂੰ ਮੁਖਾਤਿਬ ਹੋਈ "ਅੰਕਲ, ਪਹਿਲਾਂ ਡੈਡੀ ਨੇ ਇਸੇ ਮੂੰਹ ਨਾਲ ਆਖਿਆ ਈਸਟ ਇੰਡੀਅਨ ਪੀਪਲ ਬੈਡ ਹੈ ਤੇ ਹੁਣ ਵਾਈਟ ਬੈਡ ਤੇ ਈਸਟ ਇੰਡੀਅਨ ਗੁੱਡ, ਕੈਨ ਯੂ ਟਰੱਸਟ ਹਿਮ? ਮੈਂ ਗੋਰਡੀ ਨੂੰ ਲਵ ਕੀਤਾ ਤੇ ਉਸੇ ਨਾਲ ਮੈਰਿਜ ਬਨਾਊਂ। ਦੈਟਸ ਮਾਈ ਡਿਸੀਜ਼ਨ ਐਂਡ ਦੈਟਸ ਆਲ, ਡੋਂਟ ਬਾਦਰ ਮੀ।" ਕਹਿੰਦਿਆਂ ਉਹ ਕਮਰੇ ਵਿਚੋਂ ਬਾਹਰ ਤੁਰ ਗਈ।

ਨਰੈਣ ਸਿੰਘ ਤੇ ਅਤਰ ਸਿੰਘ ਬਿੱਟ ਬਿੱਟ ਇਕ ਦੂਜੇ ਦੇ ਮੂੰਹ ਵੱਲ ਤੱਕਦੇ ਰਹਿ ਗਏ।

• (FORT NELSON, B.C.)


HIMALAYA RESTAURANT LTD.

6595 Main Street
Phone: 324-6514

2313 Main Street, (LICENSED PREMISES)
Phone: 876-2911

VANCOUVER, B.C.



KEWAL SINGH PABLA

PABLA'S VIKING INN

828 East Hastings

Call 324 - 6514



JAGMOHAN SINGH PABLA

Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.

ਮਠਿਆਈ ਦੀ ਮਸ਼ਹੂਰ ਦੁਕਾਨ

# ASIA IMPORT HOUSE

EDMONTON



▼SPECIALIZING IN:

- SAREES, SAREE FALLS
- CUSTOM MADE BLOUSES
- PETTICOATS, WOOLEN SHAWLS
- EXCLUSIVE SUIT SELECTION
- RUMALAS
- HARS, HAIR FIXER
- GOTA, BEARD NETS
- ARTIFICIAL JEWELRY
- TURBANS IN FANCY COLOURS

- EAST INDIAN, WEST INDIAN & FIJIAN GROCERY
- TROPICAL FRESH VEGETABLES AVAILABLE AT ALL TIMES

PHONE: 439-4159 or 439-5261, FOR OUT OF TOWN ORDERS

▼LISTENER'S CHOICE:

INDIAN RECORDS, TAPES, VIDEO FILMS & VIDEO RECORDERS

FOR FRIENDLY SERVICE — VISIT US...

## ASIA IMPORT HOUSE

7912 - 104 STREET
EDMONTON, ALBERTA
439-4159
439-5261

TIPASKAN CENTRE
3230 - 82 STREET
EDMONTON, ALBERTA
468-6749

## ਪੰਜਾਬ ਦੀ ਸਥਿਤੀ ਬਾਰੇ ਦੋ ਪ੍ਰਤੀਕਰਮ

### ੧. ਸੁਮੀਤ ਸਿੰਘ (ਸੰਪਾਦਕ 'ਪ੍ਰੀਤ ਲੜੀ')

ਅਖ਼ਬਾਰਾਂ — 'ਭਿੰਡਰਾਂ ਵਾਲਾ'

ਰਸਾਲੇ — 'ਭਿੰਡਰਾਂ ਵਾਲਾ'

ਸਿਆਸਤ — 'ਭਿੰਡਰਾਂ ਵਾਲਾ'

ਆਮ ਆਪਸੀ ਗਲਬਾਤ — 'ਭਿੰਡਰਾਂ ਵਾਲਾ'

•

ਫਲਾਂ ਲੇਖਕ ...

ਅਖ਼ਬਾਰਾਂ ਦੇ ਸੰਪਾਦਕ ...

ਪੱਤਰ ਪ੍ਰੇਰਕ ...

ਸਿਆਸੀ ਲੀਡਰ ...

ਕਾਨੂੰਨ ਦੇ ਰਾਖੇ ਸਰਕਾਰੀ ਅਧਿਕਾਰੀ ...

ਦੂਸਰੇ ਧਰਮਾਂ ਦੇ ਵਿਸ਼ਵਾਸੀ ...

'ਸਭ ਮਿਲ ਕੇ ਸਿੱਖ ਧਰਮ ਦੇ ਖ਼ਿਲਾਫ਼ ਇਕ ਸਾਜ਼ਸ਼' ?

ਸਿੱਖ ਧਰਮ ਦਾ ਰਾਖਾ ...

ਭਿੰਡਰਾਂ ਵਾਲਾ !

•

ਇਕ ਵੇਰਾਂ ਇਕ ਕੱਟੜਪੰਥੀ ਦੀਵਾਨਿਆਂ ਹਾਰ ਹਥਿਆਰ ਚੁੱਕੀ, ਆਪੇ 'ਆਪਣੇ ਧਰਮ' ਦਾ ਰਾਖਾ ਬਣ ਹਰ 'ਦੂਸਰੇ' ਨੂੰ ਵੱਢੀ ਜਾਵੇ, ਟੁੱਕੀ ਜਾਵੇ ਕਿ 'ਮੇਰਾ' ਰੱਬ ਬਹੁਤ ਖ਼ੁਸ਼ ਹੋਵੇਗਾ 'ਮੇਰੇ' ਏਸ ਕਰਮ 'ਤੇ !

ਤੇ ਅਖ਼ੀਰ ਉਹ ਦਿਨ ਆਇਆ — ਰੱਬ ਉਹਦਾ ਸਾਹਮਣਿਉਂ ਤੁਰਿਆ ਆਵੇ। ਤੇ ਇਹ ਖ਼ੁਸ਼ੀਆਂ ਭਰਿਆ ਛਾਤੀ ਚੌੜੀ ਕਰੀ, ਇਹ ਸੋਚ, ਕਿ ਰੱਬ 'ਮੈਨੂੰ' ਧਾ ਗਲਵਕੜੀ ਪਾਵੇਗਾ, ਰੱਬ ਵਲ ਨੱਠ ਤੁਰਿਆ। ਰੱਬ ਨੇ ਰਤਾ ਵੀ ਨਾ ਗੌਲਿਆ ਸਗੋਂ ਮੂੰਹ ਮੋੜ ਲਿਆ। ਘੋਰ ਨਿਰਾਸ਼ਾ। ਰੱਬ ਦੇ ਮਗਰ ਦੌੜਿਆ, ਚਰਨੀਂ ਜਾ ਡਿੱਗਾ, ਪੁਛਣ ਲਈ ਕਿ ਕੀ ਕੁਤਾਹੀ ਹੋਈ ਹੈ।

ਰੱਬ ਜਵਾਬ ਦਿਤਾ,

'ਉਹ ਜਿਹੜੇ ਬੰਦੇ ਤੂੰ ਵੱਢੀ ਟੁੱਕੀ ਆਇਐਂ ਉਹ ਮੇਰੇ ਬਣਾਏ ਹੀ ਤਾਂ ਸਨ, ਤੇ ਨਾਲੇ ਮੈਂ ਤੇਰਾ ਰਾਖਾ ਸੀ, ਤੂੰ ਮੇਰਾ ਰਾਖਾ ਕਦ ਤੋਂ ਬਣ ਗਿਆ ?'

• (ਪ੍ਰੀਤ ਲੜੀ / ਸਤੰਬਰ ੮੩)

### ੨. ਭੂਸ਼ਨ

**"ਅਸੀਂ ਸਭ ਫ਼ਿਕਰ-ਪ੍ਰਸਤ" ਵਿਚੋਂ**

('ਲੋਅ'/ਨਵੰਬਰ ੮੩)

... ... ...

ਇਸ ਵੇਲੇ ਮੇਰਾ ਮਨ ਅਜੀਬ ਹਾਲਤ ਵਿਚ ਹੈ।

ਮੈਂ ਕੁਝ ਵੀ ਲਿਖਣ ਦੀ ਹਾਲਤ ਵਿਚ ਨਹੀਂ ਹਾਂ।

ਪਰਸੋਂ ਮੈਂ ਜਿਹੜੀ ਗੱਡੀ ਵਿਚ ਸਫ਼ਰ ਕਰ ਰਿਹਾ ਸਾਂ, ਉਹਦੇ ਦਸ ਡੱਬੇ ਉਲਟ ਗਏ। ਮੈਨੂੰ ਟੁਕੜਾ ਟੁਕੜਾ ਕਰਕੇ ਕਈ ਸ਼ਹਿਰਾਂ ਦੇ ਹਸਪਤਾਲਾਂ ਵਿਚ ਭੇਜ ਦਿੱਤਾ ਗਿਆ, — ਕਿਤੇ ਪੋਸਟਮਾਰਟਮ ਲਈ, ਕਿਤੇ ਇਲਾਜ ਲਈ।

— ਚੌਥੇ ਮੈਂ ਜਿਹੜੀ ਬੱਸ ਵਿਚ ਸਫ਼ਰ ਕਰ ਰਿਹਾ ਸਾਂ। ਉਹਦੇ ਬਾਰੇ ਵੀ ਤੁਸੀਂ ਅਖ਼ਬਾਰਾਂ ਵਿਚ ਜ਼ਰੂਰ ਪੜ੍ਹਿਆ ਹੋਵੇਗਾ। ਤੇ ਅਖ਼ਬਾਰਾਂ ਵਿਚ ਛਪੇ, ਗੋਲੀਆਂ ਨਾਲ ਭੁੰਨੇ ਹੋਏ, ਛੇ ਨਾਂ ਮੇਰੇ ਹੀ ਸਨ।

— ਹਰ ਪੁਲਿਸ ਮੁਕਾਬਲੇ ਵਿਚ ਮੈਂ ਹੀ ਮਰਿਆ ਹਾਂ।...

— ਜਿੱਥੇ ਵੀ ਕਿਤੇ ਲਹੂ ਡੁਲ੍ਹਿਆ ਹੈ, ਮਿਲਾ ਕੇ ਦੇਖ ਲਉ, ਮੇਰਾ ਹੀ ਹੈ।

ਮੈਂ ਲੁੱਟਿਆ ਗਿਆ, ਮੈਂ ਮਾਰਿਆ ਗਿਆ ਹਾਂ, ਮੈਂ ਭੁੰਨਿਆ ਗਿਆ ਹਾਂ।

ਕੋਈ ਕਹਿੰਦਾ ਹੈ, ਇਸ ਪਿੱਛੇ ਦਿੱਲੀ ਦਾ ਹੱਥ ਹੈ। ਕੋਈ ਅੰਮ੍ਰਿਤਸਰ ਵੱਲ ਸੰਕੇਤ ਕਰਦਾ ਹੈ। ਕੋਈ ਹੋਰ ਪਾਕਿਸਤਾਨ ਦਾ ਨਾਂ ਲੈ ਕੇ ਚੀਕਾਂ ਮਾਰਦਾ ਹੈ। ਕਿਸੇ ਦੀ ਜੀਭ ਉਤੇ ਅਮਰੀਕਾ ਦੀ ਮੁਹਾਰਨੀ ਹੈ। ਇਹ ਸਾਰੇ ਦੇਸੀ ਜਾਂ ਬਦੇਸ਼ੀ ਹੱਥ ਮੈਨੂੰ ਮਾਰਨ ਲਈ ਹਨ। ਅਜਿਹੀ ਹਾਲਤ ਵਿਚ ਕੀ ਲਿਖਿਆ ਜਾ ਸਕਦਾ ਹੈ !

... ... ...

ਇਕ ਦ੍ਰਿਸ਼ਟਾਂਤ ਯਾਦ ਆਇਆ।

ਭਾਈ ਵੀਰ ਸਿੰਘ ਉੱਤੇ ਕਈ ਵੀਰ ਦੋਸ਼ ਲਾਉਂਦੇ ਹਨ ਕਿ ਜਦੋਂ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ਼ ਵਿਚ ਖ਼ੂਨੀ ਹੋਲੀ ਖੇਡੀ ਜਾ ਰਹੀ ਸੀ ਤਾਂ ਭਾਈ ਵੀਰ ਸਿੰਘ ਓਦੋਂ ਅੰਮ੍ਰਿਤਸਰ ਵਿਚ ਹੀ ਬੈਠਾ ਸੀ, ਪਰ ਖ਼ੂਨੀ ਸਾਕੇ ਬਾਰੇ ਕੁਝ ਨਾ ਲਿਖ ਸਕਿਆ, ਗੁਲਦਾਉਦੀਆਂ ਦੀ ਉਡੀਕ ਕਰਦਾ ਰਿਹਾ। ...ਪਤਾ ਨਹੀਂ ਇਹ ਦੋਸ਼ ਕਿੱਥੋਂ ਤੀਕ ਸਹੀ ਹੈ। ਪਰ ਮੈਂ ਸੋਚਦਾ ਹਾਂ ਕਿ ਅਸੀਂ ਸਾਰੇ, ਜਿੰਨੀ ਦੇਰ ਜ਼ਿੰਦਾ ਹਾਂ, ਪੰਜਾਬ ਵਿਚ ਹੀ ਰਹਿ ਰਹੇ ਹਾਂ। ਪੰਜਾਬੀ ਵਿਚ ਹੀ ਲਿਖ ਰਹੇ ਹਾਂ ? ਆਉਣ ਵਾਲੀਆਂ ਪੀੜ੍ਹੀਆਂ ਇਸ ਦੋਸ਼ ਨੂੰ ਕੀ ਨਾਂ ਦੇਣਗੀਆਂ ?

... ... ...

# ਰਸੂਲ ਹਮਜ਼ਾਤੋਵ ਅਤੇ ਮਿੱਟੀ ਦਾ ਮੋਹ

ਜਰਨੈਲ ਸਿੰਘ

ਸੋਵੀਅਤ ਦਾਗਿਸਤਾਨ ਦੇ ਅਵਾਰ ਲੋਕ-ਕਵੀ ਰਸੂਲ ਹਮਜ਼ਾਤੋਵ ਦੀ ਇਕੋ ਇਕ ਗੱਦ ਰਚਨਾ 'ਮੇਰਾ ਦਾਗਿਸਤਾਨ' ਨੂੰ ਵਾਚਦਿਆਂ ਮਿੱਟੀ ਭਾਵ ਮਾਤ-ਭੂਮੀ ਦੇ ਮੋਹ ਦਾ ਸੰਕਲਪ ਸਾਹਮਣੇ ਆਉਂਦਾ ਹੈ। ਮਿੱਟੀ ਦਾ ਮੋਹ ਹੀ ਤਿੰਨ ਅਜਿਹੇ ਸ਼ਬਦ ਹਨ ਜੋ ਪੁਸਤਕ ਦੀ ਅੰਤਰ ਆਤਮਾ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਸਮਰਥਾ ਰਖਦੇ ਹਨ। ਸਾਰੀ ਪੁਸਤਕ 'ਚੋਂ ਰਸੂਲ ਦਾ ਆਪਣੀ ਆਵਾਰ ਆਊਲ ਲਈ, ਪਿੰਡ ਲਈ, ਦਾਗਿਸਤਾਨ ਲਈ, ਅਤੇ ਸੋਵੀਅਤ ਯੂਨੀਅਨ ਲਈ ਮੋਹ ਉਛੱਲ ਉਛੱਲ ਪੈਂਦਾ ਹੈ। ਦਾਗਿਸਤਾਨ ਨਾਲ ਰਸੂਲ ਹਮਜ਼ਾਤੋਵ ਦਾ ਇਹ ਮੋਹ ਕਿਸੇ ਸਵੈ-ਮਿੱਥਤ "ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀਂ ਸੱਈਓ" ਵਰਗੇ ਝੂਠੀ ਸਰਦਾਰੀ ਦੇ ਸੰਕਲਪ ਤੇ ਅਧਾਰਤ ਨਹੀਂ। ਇਹ ਸਭ ਦੇਸ਼ਾਂ ਨੂੰ ਵੱਖ ਤੇ ਨਵੇਕਲੀਆਂ ਇਕਾਈਆਂ ਮੰਨ ਕੇ ਦਾਗਿਸਤਾਨ ਦੀ ਵਲੱਖਣਤਾ ਪਾਠਕਾਂ ਸਾਹਮਣੇ ਲਿਆਉਣ ਦਾ ਯਤਨ ਹੈ।

'ਮੇਰਾ ਦਾਗਿਸਤਾਨ' ਨੂੰ ਕਿਸੇ ਇਕ ਸਾਹਿਤ-ਸ਼੍ਰੇਣੀ ਵਿਚ ਸੀਮਤ ਕਰਨਾ ਕਠਿਨ ਹੈ। ਇਸਦਾ ਸੀਮਤ ਅਤੇ ਅਸੀਮ ਚਿੱਤਰ-ਪੱਟ ਅਤੇ ਬਣਤਰ ਅਜਿਹਾ ਕਰਨ ਦੀ ਆਗਿਆ ਨਹੀਂ ਦੇਂਦੇ। ਸੀਮਤ ਅਤੇ ਅਸੀਮ ਦੇ ਵਿਰੋਧਾਭਾਸ ਨੂੰ ਸਪਸ਼ਟ ਕਰਨ ਲਈ ਕਿਹਾ ਜਾ ਸਕਦਾ ਹੈ ਕਿ ਇਹ ਇਕ ਅਜਿਹੀ ਪੁਸਤਕ ਹੈ ਜੋ ਹਰ ਪਾਠਕ ਪਾਸੋਂ ਆਪਣੀ ਨਵੇਕਲੀ ਵਿਆਖਿਆ ਦੀ ਮੰਗ ਕਰਦੀ ਹੈ, ਅਤੇ ਇਉਂ ਰੂੜ੍ਹੀਗਤ ਰੂਪ-ਵੰਡ ਤੋਂ ਮੁਕਤ ਹੈ।

ਇਹ ਰਸੂਲ ਹਮਜ਼ਾਤੋਵ ਦੀ ਜੀਵਨੀ ਹੈ, ਉਸਦੀ ਆਊਲ 'ਤਸਾਦਾ' ਦੇ ਲੋਕਾਂ ਦੀ ਜੀਵਨੀ ਹੈ, ਦਾਗਿਸਤਾਨ ਦਾ ਸਭਿਆਚਾਰਕ ਇਤਿਹਾਸ ਹੈ, ਦਾਗਿਸਤਾਨ ਦਾ ਭੂਗੋਲ ਹੈ, ਸੋਵੀਅਤ ਯੂਨੀਅਨ ਵਿਚ ਕੌਮੀ ਬੋਲੀਆਂ ਦੀ ਪ੍ਰਫੁਲਤਾ ਦੀ ਆਰਸੀ ਹੈ, ਸਾਹਿਤ-ਰਚਨਾ ਦੇ ਗੁੱਝੇ ਭੇਦਾਂ ਦੀ ਕੁੰਜੀ ਹੈ, ਸਾਹਿਤ ਸਾਧਣਾ ਲਈ ਨੇਕ ਸਲਾਹ ਹੈ, ਵਿਸ਼ੇ, ਰੂਪ, ਸਿਰਜਣਾ ਸ਼ੈਲੀ ਤੇ ਨਵੀਨ ਅਤੇ ਸੱਜਰੀ ਬਹਿਸ ਹੈ, ਅਖ਼ਾਣਾਂ, ਲੋਕ-ਕਥਾਵਾਂ, ਮਿੱਥਾਂ ਦਾ ਭੰਡਾਰ ਹੈ—ਤੇ ਕਈ ਕੁੱਝ ਹੋਰ। ਪਰ ਇਹਨਾਂ ਸਭ ਵਿਚੋਂ ਕੇਵਲ ਕੋਈ ਇਕ ਨਹੀਂ। ਪੁਸਤਕ ਦੀ ਇਹ ਤਰਤੀਬ ਕੁੱਝ ਰੂੜ੍ਹੀਗਤ ਲੇਖਕਾਂ ਨੂੰ ਸ਼ਾਇਦ ਅਜੀਬੋ-ਗਰੀਬ ਲਗੇ—ਪਰ ਇਹ ਵਲੱਖਣਤਾ ਰਸੂਲ ਹਮਜ਼ਾਤੋਵ ਦੀ ਪੁਸਤਕ ਦਾ ਦਾਗਿਸਤਾਨੀ ਲਬਾਸ ਹੈ।

ਆਪਣੇ ਵਿਸ਼ਿਆਂ ਦੀ ਗੱਲ ਕਰਦਾ ਰਸੂਲ ਹਮਜ਼ਾਤੋਵ ਖੁਦ ਆਪਣਾ ਇਕ ਹੀ ਸਦੀਵੀ ਵਿਸ਼ਾ ਮੰਨਦਾ ਹੈ : "ਦਾਗਿਸਤਾਨ, ਤੂੰ ਮੇਰਾ ਪਿਆਰ ਤੇ ਮੇਰੀ ਸੁਗੰਧ, ਮੇਰਾ ਤਰਲਾ ਅਤੇ ਮੇਰੀ ਦੁਆ ਹੈਂ। ਸਿਰਫ ਤੂੰ ਹੀ ਮੇਰੀਆਂ ਸਾਰੀਆਂ ਕਿਤਾਬਾਂ ਦਾ ਤੇ ਮੇਰੇ ਸਾਰੇ ਜੀਵਨ ਦਾ ਮੁੱਖ ਵਿਸ਼ਾ ਹੈਂ।" ਭਾਵ ਇਹ ਹੈ ਕਿ ਦਾਗਿਸਤਾਨ ਅਥਵਾ ਮਾਤ-ਭੂਮੀ ਜਾਂ ਮਾਤ-ਮਿੱਟੀ ਦਾ ਮੋਹ ਹੀ ਇਕ ਅਜਿਹਾ ਵਿਸ਼ਾ ਹੈ ਜਿਸ ਚੋਂ ਉਸਦੀਆਂ ਪੰਜਾਹ ਤੋਂ ਵੱਧ ਪੁਸਤਕਾਂ (ਮੇਰਾ ਦਾਗਿਸਤਾਨ ਤੋਂ ਬਿਨਾਂ ਬਾਕੀ ਸਭ ਕਾਵਿ ਸੰਗ੍ਰਹਿ ਹਨ) ਦੇ ਵਿਸ਼ੇ ਜਨਮ ਲੈਂਦੇ ਰਹੇ ਹਨ।

ਪੁਸਤਕ ਕਾਕੇਸ਼ੀਆਈ ਪਹਾੜਾਂ ਦੀਆਂ ਉਚਾਈਆਂ ਵਿਚ ਵੱਸਦੀ ਇਕ ਆਊਲ ਦੀ ਸਕਲੀਆ (ਝੁੱਗੀ) ਵਿਚੋਂ ਰਸੂਲ ਹਮਜ਼ਾਤੋਵ ਦੇ ਜਨਮ ਨਾਲ ਇਉਂ ਸ਼ੁਰੂ ਹੁੰਦੀ ਹੈ ਜਿਵੇਂ ਕਿਸੇ ਪੁਸਤਕ ਦਾ ਮੁੱਖ ਬੰਦ ਲਿਖਿਆ ਜਾ ਰਿਹਾ ਹੋਵੇ। ਅਵਾਰ ਸਕੂਲ ਵਿਚੋਂ ਮੁੱਢਲੀ ਪੜ੍ਹਾਈ ਪਿਛੋਂ ਉਸਦੇ ਮਾਸਕੋ ਉਚੇਰੀ ਵਿਦਿਆ ਲਈ ਪੁੱਜਣ ਅਤੇ ਫਿਰ ਪੜ੍ਹਾਈ ਖਤਮ ਕਰ ਵਾਪਸ ਦਾਗਿਸਤਾਨ ਦੇ ਲੋਕ ਕਵੀ ਵਜੋਂ ਪ੍ਰਸਿੱਧੀ ਪ੍ਰਾਪਤ ਕਰਨ ਅਤੇ ਸੋਵੀਅਤ ਯੂਨੀਅਨ ਦੇ ਸਭਿਆਚਾਰਕ ਦੂਤ ਵਜੋਂ ਦੁਨੀਆਂ ਨੂੰ ਕੱਢਣ ਦੀ ਦਾਸਤਾਨ ਵੀ ਹੈ। ਇਹ ਇਸਦਾ ਕੇਵਲ ਇਕ ਪਹਿਲੂ ਹੈ ਉਂਜ ਇਹ ਪੁਸਤਕ, ਪੁਸਤਕ ਲਿਖਣ ਦੀ ਵਿਉਂਤ-ਬੰਦੀ ਬਾਰੇ ਪੁਸਤਕ ਵੀ ਕਹੀ ਜਾ ਸਕਦੀ ਹੈ।

ਕਾਕੇਸ਼ੀਆਈ ਪਹਾੜੀ ਸਿਲਸਿਲੇ ਵਿਚ ਸੋਵੀਅਤ ਯੂਨੀਅਨ ਦੀਆਂ 36 ਕੌਮੀਯਤਾਂ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਵਿਚੋਂ ਇਕ ਰਸੂਲ ਹਮਜ਼ਾਤੋਵ ਦੀ ਆਪਣੀ ਕੌਮ 'ਅਵਾਰ' ਹੈ। 'ਮੇਰਾ ਦਾਗਿਸਤਾਨ' ਵਿਚ ਰਸੂਲ ਅਵਾਰਾਂ ਦੇ ਸਭਿਆਚਾਰਕ ਅਤੇ ਭੂਗੋਲਕ ਜੀਵਨ ਨੂੰ ਬੜੀ ਕਲਾ-ਮਈ ਸਾਦਗੀ ਨਾਲ ਘੋਖਿਆ ਅਤੇ ਬਿਆਨ ਕੀਤਾ ਹੈ। ਪੁਸਤਕ ਵਿਚ ਉਸ ਪਹਾੜਾਂ ਦੀਆ ਚੋਟੀਆਂ, ਚਸ਼ਮਿਆਂ, ਭੇਡਾਂ-ਬੱਕਰੀਆਂ, ਪਹਾੜੀ ਸੰਗੀਤ, ਅਵਾਰ ਅਤੇ ਲਾਕ-ਜੀਵਨ ਨੂੰ ਜਿਸ ਸਾਦਗੀ ਅਤੇ ਮਿਹਨਤ ਨਾਲ ਚਿੱਤਰਿਆ ਹੈ ਉਹ ਸੱਚ-ਮੁੱਚ ਦਾਗਿਸਤਾਨ ਦਾ ਪ੍ਰਤੀਨਿੱਧ ਕੌਮੀ ਲੇਖਕ ਬਣਕੇ ਸਾਹਮਣੇ ਆਉਂਦਾ ਹੈ। ਕੇਵਲ ਇਕ ਧਰਤੀ ਦਾ ਜਾਇਆ ਹੀ, ਜੋ ਆਪਣੇ ਲੋਕਾਂ ਨਾਲ ਇਕ-ਮਿੱਕ ਹੋ ਗਿਆ ਹੋਵੇ ਤੇ ਆਪਣੇ ਆਪ ਨੂੰ ਲੋਕਾਂ ਦਾ ਅੰਗ ਸਮਝਦਾ ਹੋਵੇ, ਅਜਿਹਾ ਸਭਿਆਚਾਰਕ ਇਤਿਹਾਸ ਲਿਖ ਸਕਦਾ ਹੈ।

ਦਾਗਿਸਤਾਨ ਦੇ ਸਦੀਆਂ ਤੋਂ ਲਿਖੇ ਆ ਰਹੇ ਪੁਰਾਣੇ ਇਤਿਹਾਸ ਵਾਂਗ ਇਹ ਸਭਿਆਚਾਰਕ ਇਤਿਹਾਸ ਦਾਗਿਸਤਾਨੀ ਲੋਕਾਂ ਦਾ ਤਲਵਾਰ ਨਾਲ ਲਿਖਿਆ ਇਤਿਹਾਸ ਨਹੀਂ ਸਗੋਂ ਅਵਾਰ ਬੋਲੀ ਵਿਚ ਲਿਖਿਆ ਇਤਿਹਾਸ ਹੈ।

ਅਵਾਰ ਕੇਵਲ ਦਸ ਲੱਖ ਲੋਕਾਂ ਦੀ ਬੋਲੀ ਹੈ। ਏਨੀ ਥੋੜ੍ਹੀ ਵੱਸੋਂ ਦੀ ਬੋਲੀ ਵਿਚ ਲਿਖਕੇ ਰਸੂਲ ਹਮਜ਼ਾਤੋਵ ਰੂਸੀ ਅਤੇ ਅੰਗਰੇਜ਼ੀ

ਰਾਹੀਂ 'ਮੇਰਾ ਦਾਗਿਸਤਾਨ' ਨੂੰ ਆਪਣੀ ਸਕਲੀਆ ਦੀ ਹਨ੍ਹੇਰੀ ਗੁਫ਼ਾ ਵਿਚੋਂ ਕੱਢ ਸੰਸਾਰ ਦੇ ਹਰ ਕੋਨੇ ਤਕ ਪਹੁੰਚਾਇਆ ਹੈ। ਇਉਂ, ਉਹ ਅਵਾਰ ਬੋਲੀ ਅਤੇ ਸਭਿਆਚਾਰ ਨੂੰ ਅਮਰਤਾ ਪਰਦਾਨ ਕਰ ਗਿਆ ਹੈ।

ਪੁਸਤਕ ਦਾ ਅਵਾਰ (ਬੋਲੀ) ਤੋਂ ਸੰਸਾਰ ਪਸਾਰ ਸੋਵੀਅਤ ਯੂਨੀਅਨ ਅੰਦਰ ਕੌਮੀ-ਘੱਟ ਗਿਣਤੀ ਦੀਆਂ ਬੋਲੀਆਂ ਅਤੇ ਸਭਿਆਚਾਰ ਦੀ ਪ੍ਰਫੁਲਤਾ ਵਲ ਸੰਕੇਤ ਦੇ ਨਾਲ ਨਾਲ ਇਸ ਗੱਲ ਦਾ ਵੀ ਸਬੂਤ ਹੈ ਕਿ ਸਮਾਜਵਾਦੀ ਦੇਸ਼ਾਂ ਵਿਚ ਸਭਿਆਚਾਰ ਤੇ ਭਾਸ਼ਾਈ ਪ੍ਰਫੁਲਤਾ ਦੇ ਅਵੱਸਰ ਕਿੰਨੇ ਵਸੀਹ ਹਨ। ਇਹ ਸਭ ਕੌਮੀਅਤਾਂ ਦੀਆਂ ਬੋਲੀਆਂ ਤੇ ਸਭਿਆਚਾਰ ਦਾ ਬਰਾਬਰ ਸਤਿਕਾਰ ਕਰਕੇ ਹੈ—ਵੱਖ ਵੱਖ ਕੌਮੀਅਤਾਂ ਦੀਆਂ ਬੋਲੀਆਂ ਦੀਆਂ ਧਰਮ, ਬੋਲੀ, ਨਸਲ ਆਦਿ ਦੇ ਆਧਾਰ ਤੇ ਵੰਡੀਆਂ ਪਾਕੇ ਨਹੀਂ ਜਿਵੇਂ ਕਿ ਵੰਡ ਪਿਛੋਂ ਦੇ ਹਿੰਦੁਸਤਾਨ, ਪਾਕਿਸਤਾਨ ਦੇ ਇਤਿਹਾਸ ਤੋਂ ਸਾਫ਼ ਜ਼ਾਹਿਰ ਹੈ।

ਰਸੂਲ ਹਮਜ਼ਾਤੋਵ ਜ਼ਿੰਦਗੀ ਨੂੰ ਅਤੇ ਆਪਣੇ ਆਲੇ-ਦੁਆਲੇ ਨੂੰ ਡੂੰਘੀ ਨੀਝ ਲਾਕੇ ਤਕਦਾ ਹੈ। ਉਸਦੀ ਤਕਨੀਕ ਟੀ. ਵੀ. ਅਤੇ ਫੋਟੋਗਰਾਫ਼ੀ ਦੀ ਤਕਨੀਕ ਹੈ—ਇਉਂ ਉਸਦੀ ਨੀਝ ਤੋਂ ਨਿੱਕੀ ਤੋਂ ਨਿੱਕੀ ਚੀਜ਼ ਵੀ ਬਚ ਨਹੀਂ ਸਕਦੀ। ਦਾਗਿਸਤਾਨੀ ਦਰਿਆਵਾਂ ਦੇ ਵਲੇਂਵੇਂ ਖਾ ਖਾ ਵਹਿੰਦੇ ਪਾਣੀਆਂ ਦੇ ਮੁਕਾਬਲੇ ਉਹ ਪੈਰਿਸ ਦੇ ਸ਼ਾਹੀ ਮਹੱਲਾਂ ਦੇ ਚਸ਼ਮਿਆਂ ਨੂੰ ਪਲਾਸਟਿਕ ਦੇ ਖਡੌਣੇ ਸਮਝਦਾ ਹੈ। ਪਹਾੜੀ ਚੋਟੀਆਂ ਵਿਚੋਂ ਬਾਹਰ ਨਿਕਲਦੇ ਇੱਜੜ ਨੂੰ ਤਕਦਿਆਂ ਉਸਨੂੰ ਸਭ ਤੋਂ ਪਹਿਲਾਂ ਬੱਕਰੀ ਦਾ ਸਿੰਗ ਨਜ਼ਰ ਆਉਂਦਾ ਹੈ, ਫਿਰ ਬੱਕਰੀ ਤੇ ਫਿਰ ਇੱਜੜ।

ਕੈਸਪੀਅਨ ਸਾਗਰ ਦੀਆਂ ਛੱਲਾਂ ਵਿਚੋਂ ਰਸੂਲ ਦੁਨੀਆਂ ਦੇ ਸਾਰੇ ਸਾਗਰਾਂ ਦੇ ਪਾਣੀਆਂ ਦੇ ਰੰਗ ਤਕ ਸਕਦਾ ਹੈ—ਆਪਣੀ ਸਕਲੀਆ ਦੇ ਝਰੋਖੇ ਵਿਚੋਂ ਸਾਰੀ ਦੁਨੀਆਂ ਟੈਗੋਰ ਦੇ ਬਣਾਏ ਵਲੱਖਣ ਜਾਨਵਰ ਨੂੰ ਵੇਖਕੇ ਉਹ ਪੰਛੀ—ਜਗਤ ਦਾ ਵਲੱਖਣ ਪੰਛੀ ਸਿੱਧ ਕਰਦਾ ਹੈ—ਸੰਸਾਰ ਦੀ ਵੰਨ-ਸੁਵੰਨਤਾ ਨੂੰ ਵੇਖਕੇ ਉਹ ਇਸਤੋਂ ਮੋਹਤ ਹੁੰਦਾ ਹੈ। ਪਰ ਹਰ ਸੀਨ ਦੀ ਪਿੱਠ-ਭੂਮੀ ਵਿਚ, ਹਰ ਸੀਨ ਦੇ ਅੰਤ ਵਿਚ ਉਸਦਾ ਆਪਣਾ ਦਾਗਿਸਤਾਨ ਹੁੰਦਾ ਹੈ। ਵਰਖਾ ਦੀ ਹਰ ਕਣੀ ਵਿਚ ਲੁਕੇ ਹੋਏ ਹੜ੍ਹ ਵਾਂਗ ਰਸੂਲ ਹਮਜ਼ਾਤੋਵ ਦੀ ਹਰ ਸਤਰ ਵਿਚ ਦਾਗਿਸਤਾਨ ਅਤੇ ਇਸਦੇ ਲੋਕਾਂ ਨਾਲ ਉਸਦਾ ਮੋਹ ਲੁਕਿਆ ਹੋਇਆ ਹੈ।

ਪੁਸਤਕ ਵਿਚ ਅਵਾਰਾਂ ਤੇ ਲਾਕਾਂ ਦੇ ਸਾਦ-ਮੁਰਾਦੇ ਜੀਵਨ ਦੀਆਂ ਝਾਕੀਆਂ ਹਨ, ਉਹਨਾਂ ਦੀ ਪਹਾੜਾਂ ਵਰਗੀ ਹਾਰਦਿਕ ਵਿਸ਼ਾਲਤਾ ਹੈ—ਉਹਨਾਂ ਦਾ ਇਤਿਹਾਸ ਹੈ—ਉਹਨਾਂ ਦੇ ਪ੍ਰਾਚੀਨ ਲੋਕ-ਨਾਇਕ ਇਹਨਾਂ ਸਫ਼ਿਆਂ ਵਿਚ ਜੀਵਤ ਹਨ। ਏਥੇ ਉਹਨਾਂ ਦਾ ਸੰਗੀਤ ਹੈ—ਉਹਨਾਂ ਦੀ ਪ੍ਰਾਹੁਣਾਚਾਰੀ ਹੈ—ਉਹਨਾ ਦੇ ਗੱਡਰੀਏ ਜੀਵਨ ਦੀ ਮਿਹਨਤ ਅਤੇ ਖਚਰੌਂਟ ਹੈ। ਏਥੇ ਅਵਾਰਾਂ ਦੀਆਂ ਜਨਮ ਸਮੇਂ ਦੀਆਂ ਘੋੜੀਆਂ ਦੀ ਲੈ ਅਤੇ ਸੰਗੀਤ ਹੈ ਅਤੇ ਮੌਤ ਸਮੇਂ ਦੇ ਮਰਸੀਹਾਂ ਦੀ ਗ਼ਮਗੀਨਤਾ। ਆਪਣੀ ਫੋਟੋਗਰਾਫ਼ੀ ਦੀ ਤਕਨੀਕ ਰਾਹੀਂ ਰਸੂਲ ਅਵਾਰ ਜ਼ਿੰਦਗੀ ਦੇ ਅਨੋਖਾਂ ਪੱਖਾਂ ਤੇ ਫਲੈਸ਼ ਲਾਈਟ ਸੁੱਟਦਾ ਹੈ ਅਤੇ ਉਹ ਉਘੜ੍ਹ ਕੇ ਸਾਹਮਣੇ ਆਉਂਦੇ ਹਨ। ਹਰ ਚਿੱਤਰ, ਹਰ ਸੀਨ, ਹਰ ਘਟਨਾ ਦੇ ਅੰਤ ਵਿਚ ਉਸਦਾ ਕਾਲ-ਮੁਕਤ ਦਾਗਿਸਤਾਨ ਹੈ।

ਇਸ ਪੁਸਤਕ ਵਿਚ ਬਿਆਨ ਦੀ ਸਾਦਗੀ ਅਤੇ ਇਸਦਾ ਯਥਾਰਥ ਸਾਡੇ ਆਦਰਸ਼ਵਾਦ ਅਤੇ ਰੁਮਾਂਸਵਾਦ ਦੀ ਦੋਹਰੀ ਜਿਲ੍ਹਣ ਵਿਚ ਫਸੇ ਸਾਹਿਤ ਲਈ ਇਕ ਆਰਸੀ ਹੈ। ਯਥਾਰਥਵਾਦ ਦੀ ਕਾਵਾਂ-ਰੌਲੀ ਦੇ ਬਾਵਜੂਦ ਸਾਡਾ ਸਾਹਿਤ ਆਦਰਸ਼ਵਾਦ ਅਤੇ ਰੁਮਾਂਸਵਾਦ ਤੋਂ ਮੁਕਤ ਨਹੀਂ ਹੋ ਸਕਿਆ। ਸਾਡੇ ਕਈ ਸਾਹਿਤਕਾਰ ਤਾਂ ਸਾਹਿਤ ਵਿਚ ਰੁਮਾਂਟਿਕ ਕਿਸਮ ਦੀ ਖੱਬੀ-ਮਾਹਰਕੇਬਾਜ਼ੀ ਨੂੰ ਹੀ ਯਥਾਰਥਵਾਦ ਸਿੱਧ ਕਰਨ ਲਈ ਤੱਤਪਰ ਹਨ।

'ਮੇਰਾ ਦਾਗਿਸਤਾਨ' ਅਖਾਣਾਂ ਮੁਹਾਵਰਿਆਂ, ਮਿੱਥਾਂ ਅਤੇ ਲੋਕ-ਕਥਾਵਾਂ ਦਾ ਅਨਮੋਲ ਭੰਡਾਰ ਹੈ। ਸਾਹਿਤ ਦੇ ਇਹਨਾਂ ਅਮੁੱਕ-ਭੰਡਾਰਾਂ ਦੀ ਵਰਤੋਂ ਕਰਦਾ ਰਸੂਲ ਹਮਜ਼ਾਤੋਵ ਜ਼ਿੰਦਗੀ ਦੇ ਯਥਾਰਥ ਦਾ ਪੱਲੂ ਕਦੇ ਨਹੀਂ ਛੱਡਦਾ। ਗਾਡੀ, ਗਡਰੀਏ, ਕਲਈਗਰ, ਸੁਰਨਾ-ਵਜਾਊ, ਦਾਗਿਸਤਾਨ ਦੀ ਸੁਪਰੀਮ ਸੋਵੀਅਤ ਦੇ ਮੈਂਬਰ, ਵੰਦਕਾ ਦੇ ਆਸ਼ਕ ਬਜ਼ੁਰਗ ਲੋਕ ਕਵੀ ਅਬੂਤਾਲਿਬ ਦੇ ਸਾਧਾਰਨ ਕਥਨਾਂ ਵਿਚ ਗਾਡੀ ਦੀ ਮਿਹਨਤ, ਗਡਰੀਏ ਦਾ ਖੱਚਰ-ਪੌਅ ("ਨੌਂ ਹਿੱਸੇ ਖ਼ਚਰੌਂਟ ਵਿਚ ਜਾਲੀਆਂ ਦੇ/ਦਸਵਾਂ ਹਿੱਸਾ ਹੈ ਵਿਚ ਸੰਸਾਰ ਆਹਾ।"—ਹੀਰ ਵਾਰਸ) ਕਲਈਗਰ ਦੀ ਲਿਸ਼ਕ, ਸੁਰਨੇ ਦਾ ਸੰਗੀਤ ਤੇ ਲੋਕ-ਕਥਾਵਾਂ ਬਣਕੇ ਸਜੀਵਤ ਰਹਿਣ ਵਾਲੀ ਸਿਆਣਪ ਹੈ। ਇਹ ਕਹਿਣਾ ਮੁਸ਼ਕਲ ਹੈ ਕਿ ਜ਼ਿੰਦਗੀ ਦੇ ਭਰਪੂਰ ਤਜਰਬੇ ਦੇ ਮਾਲਕ ਅਬੂਤਾਲਿਬ ਦੇ ਅਮੁੱਲੇ ਕਥਨਾਂ 'ਮੇਰਾ ਦਾਗਿਸਤਾਨ' ਨੂੰ ਅਮਰਤਾ ਪਰਦਾਨ ਕੀਤੀ ਹੈ ਜਾਂ ਰਸੂਲ ਹਮਜ਼ਾਤੋਵ ਅਬੂਤਾਲਿਬ ਦੇ ਸਾਦ-ਮੁਰਾਦੇ ਕਰਦਾਰ ਨੂੰ ਦਾਗਿਸਤਾਨ ਦਾ ਪ੍ਰਤੀਨਿੱਧ ਕਰਦਾਰ ਬਣਾਕੇ ਅਮਰ ਕੀਤਾ ਹੈ।

ਇਕ ਗੱਲ ਜ਼ਰੂਰ ਸਪੱਸ਼ਟ ਹੈ ਕਿ ਲੋਕ-ਪ੍ਰਿਯ ਕਵੀ ਅਬੂਤਾਲਿਬ ਦੇ ਅਣਮੋਲ ਬੋਲ ਪੁਸਤਕ ਦੇ ਯਥਾਰਥਕ ਧਰਾਤਲ ਨੂੰ ਹੋਰ ਵੀ ਦ੍ਰਿੜ੍ਹ ਕਰਕੇ ਸਾਹਮਣੇ ਲਿਆਉਂਦੇ ਹਨ। ਹਾਤੀਮਾਤ ਨਾਲ ਆਪਣੇ ਨਿੱਜੀ ਇਸ਼ਕ ਦੀ ਕਹਾਣੀ ਵਿਚ ਵੀ ਅਬੂਤਾਲਿਬ ਯਥਾਰਥ ਦੇ ਧਰਾਤਲ ਤੋਂ ਪਰੇਡਾ ਨਹੀਂ ਜਾਂਦਾ। ਆਪਣੇ ਪਹਿਲੇ ਤਲਾਕ ਤੇ ਦੂਜੇ ਵਿਆਹ ਪਿੱਛੋਂ ਅਬੂਤਾਲਿਬ ਦੇ ਇਸ਼ਕ ਨੂੰ ਆਪਣੀ ਜਵਾਨੀ ਸਮੇਂ ਰੱਦ ਕਰ ਚੁੱਕੀ ਹਾਤੀਮਾਤ ਜਦ ਅਚਾਨਕ ਸ਼ਹਿਰ ਦੇ ਇਕ ਬਾਜ਼ਾਰ ਵਿਚ ਮਿਲਦੀ ਹੈ ਤਾਂ ਹਨ੍ਹੇਰੇ-ਭਰੇ ਮਿਜ਼ਾਕ ਨਾਲ ਆਪਣੀ ਗਾਗਰ ਠੀਕ ਕਰਨ ਲਈ ਕਹਿੰਦੀ ਹੈ ਤੇ ਜਤਲਾਉਂਦੀ ਹੈ ਕਿ "ਤੈਨੂੰ ਕਵੀ ਬਣਾਉਣ ਵਾਲੀ ਤਾਂ ਮੈਂ ਹਾਂ" ਤਾਂ ਕਲਈਗਰ ਤੋਂ ਬਣਿਆ ਅਵਾਰ ਬੋਲੀ ਦਾ ਸਤਕਾਰਤ ਕਵੀ ਅਬੂਤਾਲਿਬ, ਵਾਰਸ ਦੀ ਭਾਗਭਰੀ ਵਰਗੀ ਇਸ ਮਿੱਥ ਦਾ ਖੰਡਨ ਕਰਦਾ ਹੋਇਆ ਕਹਿੰਦਾ ਹੈ: "ਹਾਤੀਮਾਤ ਮੈਨੂੰ ਕਵੀ ਬਨਾਉਣ ਵਾਲੀ ਤੂੰ ਆਪਣੇ ਪਹਿਲੇ ਖ਼ਾਵੰਦ ਨੂੰ ਕਵੀ ਕਿਉਂ ਨਾ ਬਣਾਇਆ? ਤੇਰੇ ਦੂਜੇ ਖਾਵੰਦ ਹੁਣ ਤਕ ਕੋਈ ਗੀਤ ਕਿਉਂ ਨਾ ਲਿਖਿਆ?"

ਅਬੂਤਾਲਿਬ ਦਾ ਇਹ ਕਥਨ ਸਾਡੀ ਉਸ ਪੰਜਾਬੀ ਮਿੱਥ ਨੂੰ ਵੀ ਖੇਰੂੰ ਖੇਰੂੰ ਕਰਦਾ ਹੈ ਜੋ ਵਾਰਸ ਦੀ 'ਭਾਗਭਰੀ' ਤੋਂ ਚਲ ਮੋਹਨ

ਸਿੰਘ ਦੀ ਬਸੰਤ ਤਕ ਸਾਡੇ ਸਾਹਿਤ ਵਿਚ ਪੱਸਰੀ ਹੋਈ ਹੈ ਅਤੇ ਇਸ ਲੰਮੇ ਪਸਾਰ ਸਦਕਾ ਸਾਡੇ ਜ਼ਿਹਨ ਅੰਦਰ ਘਰ ਕਰ ਚੁੱਕੀ ਹੈ।

ਇਹ ਮਿੱਥ ਅਸਲੀਅਤ ਦੇ ਧਰਾਤਲ ਤੇ ਰੁਮਾਂਸ ਦਾ ਪੋਚਾ ਫੇਰਦੀ ਹੈ ਅਤੇ ਸਾਹਿਤ-ਸਿਰਜਣਾ ਵਿਚੋਂ ਮਿਹਨਤ ਅਤੇ ਸਾਧਨਾ ਦੇ ਅੰਸ਼ਾਂ ਨੂੰ ਇਕ ਤਰ੍ਹਾਂ ਅਸਵੀਕਾਰ ਕਰਕੇ ਉਪਭਾਵਕਤਾ ਅਤੇ ਰੁਮਾਂਸ-ਬਾਜ਼ੀ ਨੂੰ ਸਾਹਿਤ-ਸਿਰਜਣਾ ਲਈ, ਅਤਿ-ਅਵੱਸ਼ਕ ਵਸਤੂ ਸਿੱਧ ਕਰਦੀ ਹੈ। ਇਸ ਵਾਰਸ ਸ਼ਾਹੀ ਮਿੱਥ ਦੇ ਵਿਪਰੀਤ 'ਮੇਰਾ ਦਾਗਿਸਤਾਨ' ਵਿਚ ਰਸੂਲ ਹਮਜ਼ਾਤੋਵ ਸਾਹਿਤ-ਸਿਰਜਣਾ ਲਈ ਮਿਹਨਤ ਅਤੇ ਸਾਧਨਾ ਦੇ ਤੱਤਾਂ ਤੇ ਜ਼ੋਰ ਦੇਂਦਾ ਹੈ ਤੇ ਇਰੇਂ ਰੁਮਾਂਸ-ਬਾਜ਼ੀ ਦੀ ਮਿੱਥ ਨੂੰ ਅਨਗੌਲਿਆਂ ਹੀ ਮਨਫ਼ੀ ਕਰਦਾ ਹੈ।

ਰਸੂਲ ਹਮਜ਼ਾਤੋਵ ਦਾ 'ਮੇਰਾ ਦਾਗਿਸਤਾਨ' ਲਿਖਣ ਦਾ ਮੂਲ ਉਦੇਸ਼ ਆਪਣੀ ਮਾਤ-ਭੂਮੀ ਦੇ ਸਭਿਆਚਾਰ ਨੂੰ ਪਾਠਕਾਂ ਨਾਲ ਸਾਂਝਾ ਕਰਨਾ ਹੈ। ਇਸਦਾ ਇਕ ਹੋਰ ਬਲਵਾਨ ਪੱਖ ਸਾਹਿਤ ਸਿਰਜਣਾ ਦੇ ਬੁਨਿਆਦੀ ਭੇਦ ਭਾਵ ਵਿਸ਼ੇ ਦੀ ਚੋਣ, ਰੂਪ, ਬੋਲੀ, ਸ਼ੈਲੀ ਸਬੰਧੀ ਨਵੀਨ ਅਤੇ ਮੌਲਿਕ ਬਹਿਸ ਹੈ। ਸਾਹਿਤ-ਸਿਰਜਣਾ ਸਬੰਧੀ ਇਹ ਬਹਿਸ ਪਹਿਲਾਂ ਹੀ ਨੀਜਤ ਅਤੇ ਸਥਾਪਤ ਹੋ ਚੁੱਕੇ ਤੇ ਘੜੇ-ਘੜਾਏ ਮਾਪ-ਡੰਡਾਂ ਜਾਂ ਫਾਰਮੂਲਿਆਂ ਤੇ ਅਧਾਰਤ ਨਹੀਂ। ਇਹੀ ਕਾਰਨ ਹੈ ਕਿ ਅੰਗਰੇਜ਼ੀ ਸਾਹਿਤ ਵਿਚ ਅਤੇ ਅੰਗਰੇਜ਼ੀ ਸਾਮਰਾਜ ਦੇ ਬਲ-ਬੋਤੇ ਅੰਗਰੇਜ਼ੀ ਬੋਲੀ ਦੀ ਸਥਾਪਤ ਹੋਈ ਸਰਦਾਰੀ ਕਾਰਨ, ਸਾਡੀਆਂ ਕੌਮੀ ਬੋਲੀਆਂ ਵਿਚ ਸਾਹਿਤ-ਸਿਰਜਣਾ ਦੇ ਕਬੂਲ ਹੋ ਚੁੱਕੇ ਫਾਰਮੂਲਿਆਂ ਤੇ ਵਿਧੀਆਂ ਤੇ ਆਧਾਰਤ ਲਿਖੀਆਂ ਜਾ ਚੁੱਕੀਆਂ ਸੈਂਕੜੇ ਪੁਸਤਕਾਂ ਦੇ ਮੁਕਾਬਲੇ ਇਹ ਇਕ ਨਵੀਨ, ਮੌਲਕ ਅਤੇ ਨਵੇਕਲੀ ਪੁਸਤਕ ਹੈ। ਸਾਹਿਤ-ਸਿਰਜਣਾ ਦੀ ਗੱਲ ਕਰਦੀ ਇਹ ਪੁਸਤਕ ਦੂਜੇ ਲੇਖਕਾਂ ਦੇ ਕਥਨਾਂ ਦਾ ਆਸਰਾ ਨਹੀਂ ਭਾਲਦੀ ਸਗੋਂ ਆਪਣੀ ਮੌਲਕ ਗੱਲ ਕਰਦੀ ਹੈ।

ਇਸ ਨਮੂਨੇ ਦੀ ਪੁਸਤਕ ਨੂੰ ਸਾਡੇ ਵਿਸ਼ਵ ਵਿਦਿਆਲਿਆਂ ਵਿਚ ਪਾਠ-ਪੁਸਤਕ ਲਾਉਣਾ ਇਕ ਵਧੀਆ ਕਾਰਜ ਹੋਵੇਗਾ।

**(Vancouver, B.C.)**

## ਵਤਨ ਦੀਆਂ ਤਾਂਘਾਂ

### ਬਾਬੂ ਰੱਜਬ ਅਲੀ

ਨੰਗ, ਕੰਗਲਾ, ਹਰੀਜਨ ਤੇ ਭਾਵੇਂ ਸਰਦਾਰ ਘਰੇ ਰਹਿਸੀ,
ਪਤਾ ਲੱਗਦਾ ਉੱਜੜ ਕੇ ਜੀ, ਨਹੀਂ ਪਿਆਰੀ ਚੀਜ ਵਤਨ ਦੇ ਜੈਸੀ,
ਬੰਨ ਟੁੱਟ ਗਿਆ ਸਬਰਾਂ ਦਾ, ਗਮਾਂ ਦੀ ਨਹਿਰ ਚੜ੍ਹਗੀਆਂ ਕਾਂਗਾਂ।
ਮੈਨੂੰ ਉੱਠਦੇ ਬਹਿੰਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।
ਢੈਗੇ ਕਿੰਗਰੇ ਦਿਲਾਂ ਦੇ ਜੀ, ਮੇਰੀਆਂ ਰਹਿਣ ਦਲੀਲਾਂ ਡਿੱਗੀਆਂ,
ਮੈਂ ਵਾਂਗ ਸ਼ੁਦਾਈਆਂ ਦੇ, ਬੈਰ ਜਾਂ ਨੀਵੀਂ ਪਾ ਕੇ ਢਾਲਕੇ ਢਿੱਗੀਆਂ।
ਰੱਤ ਸਿਮਦੀ ਜ਼ਖ਼ਮਾਂ 'ਚੋਂ, ਜਿਗਰ ਪਰ ਮਾਰੇ ਵਿਛੋੜਾ ਸਾਂਗਾ, ਮੈਨੂੰ......

ਹੇਠੋਂ ਧਰਤੀ ਨਿਕਲ ਜੂਗੀ, ਕਰਾਂ ਵਰਨਣ ਜੋ ਸਿਰਾਂ ਪਰ ਵਰਤੀ,
ਕਿਸੇ ਵੇਲੇ ਭੁੱਲਦੇ ਨਾ, ਅੰਮਾਂ ਦੇ ਕੋਠੇ ਬਾਪ ਦੀ ਧਰਤੀ,
ਯਾਰਾਂ ਨਾਲ ਬੀਤਦੀ ਕੀ, ਕਿਤੋਂ ਨਾ ਸੁਨਣ ਸ਼ੌਂਕ ਦੀਆਂ ਬਾਂਗਾਂ, ਮੈਨੂੰ......

ਵੇਖੇ ਕਿਲੇ ਰਿਆਸਤ ਦੇ, ਰਾਜੇ ਦੇ ਮੰਦਰ ਵੜੇ ਜਾ ਅੰਦਰ,
ਕਪਤਾਨ ਟੀਮ ਦਾ ਸਾਂ, ਖੇਡਣ ਗਏ ਕ੍ਰਿਕਟ ਜਲੰਧਰ,
ਕਦੇ ਮੈਂ ਤੇ ਅਰਜਨ ਨੇ, ਮਾਰੀਆਂ ਸੇਖੇ ਝਿੜੀ ਸ਼ਲਾਂਗਾਂ, ਮੈਨੂੰ......
ਵਿਛੇ ਪਲੰਘ ਨਵਾਰੀ ਜੀ, ਫੁੱਲਾਂ ਦੀ ਮਹਿਕ ਬਾਗ ਵਿਚ ਟਹਿਲਾਂ,
ਬੱਕੀ ਮਿਰਜੇ ਖਾਨ ਦੀ ਜੀ, ਪਾਂਵਦੀ ਜਾਂਦੀ ਨਹਿਰ ਪਰ ਟੈਲਾਂ।
ਨਾਲ ਰਲਜੇ ਪੌਣ ਦੇ ਜੀ, ਸਿਸ਼ਮੇ ਤੋੜ ਸ਼ਮਕ ਨੂੰ ਛਾਂਗਾਂ, ਮੈਨੂੰ......
ਜਲ ਚਾਂਦੀ ਵਟਗਾ ਜੀ, ਪਟੜਿਓਂ ਉੱਤਰ ਵਰਮ ਪਰ ਬਹਿਣਾਂ,
ਰਾਮਪੁਰੇ, ਦੋਧਰੋਂ ਜੀ, ਕੈਰੇ, ਜਗਰਾਵਾਂ, ਮੌੜ ਤੇ ਸਹਿਣਾਂ,
ਗਏ ਮਹਿੰਦਰ ਤੋਂ ਜੀ, ਸੂਏ ਦੀ ਬੰਨਣੀ ਟੋਟ ਅੜਾਂਗਾ, ਮੈਨੂੰ......
ਠੇਕੇਦਾਰ ਅਨੇਕਾਂ ਨੇ, ਮੇਰੇ ਪਾਸ ਕਰਕੇ ਕਾਮ ਸੁੱਖ ਭੋਗੇ,
ਜੱਟ ਦਿਲੋਂ ਭੁਲਾਉਂਦੇ ਨਾ, ਜਿੰਨਾਂ ਦੇ ਲਾਤੇ ਦਾਸ ਨੇ ਮੋਘੇ,
ਪੈਦਾਵਾਰ ਵਧਾਤੀ ਸੀ, ਬੋਹਲ ਤੇ ਬੋਹਲ ਲਾਤੀਆਂ ਧਾਂਗਾਂ, ਮੈਨੂੰ......
ਮੈਨੂੰ ਰੱਖਲੋ ਨਗਰ ਮੇਂ ਜੀ, ਨਗਰ ਦਿਓ ਲੋਕੋ, ਹੱਥਾਂ ਦੀਓ ਬਾਹੋ,
'ਬਾਬੂ' ਜਾਣ ਦੇਵਣਾਂ ਨਾ, ਦਾਸ ਦੀ ਕਬਰ ਬਣਾਲੋ ਸਾਹੋ,
ਲਾਸ਼ ਦੱਬ ਦਿਓ ਕਬਰ ਮੇਂ ਜੀ, ਸੱਚੇ ਕੋਲ ਭੌਰ ਪਹੁੰਚ ਗਾਂਹ ਗਾਂਹ,
ਮੈਨੂੰ ਉੱਠਦੇ ਬਹਿੰਦੇ ਨੂੰ ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

# ਇਕ ਖ਼ਤ—ਪੰਜਾਬ ਸਿੰਘ ਦੇ ਨਾਮ

**ਸੁਖਪਾਲ**

●

ਸਾਂਭੀ ਤਾਂ ਬੈਠਾ ਹੋਣੈਂ ਤੂੰ ਇਕ ਪੂਰੀ ਪੰਡ ਗਿਲਿਆਂ ਦੀ
ਮੇਰੇ ਰੋਸਿਆਂ ਦੇ ਹਾਣੀ ਮੇਰੇ ਪੰਜਾਬ ਸਿੰਹਾਂ ਯਾਰਾ !
ਕਿ ਮੈਂ ਛੂਪ ਗਿਆ ਬੀਤ ਗਈ ਘਟਨਾ ਦੇ ਵਾਂਗਰ
ਤੂੰ ਕੀ ਸੋਚਿਆ ਤੇਰੇ ਦੁੱਖਾਂ ਤੋਂ ਕਰ ਗਿਆ ਹਾਂ ਕਿਨਾਰਾ !
ਅਫ਼ਸੋਸ ਤਾਂ ਮੈਨੂੰ ਵੀ ਬੜਾ ਹੈ ਤੇਰੇ ਹੀ ਗਿਲੇ ਵਰਗਾ
ਕਿ ਮੈਂ ਬੋਲਿਆ ਇਸ ਕਦਰ ਕਿ ਕੁਝ ਦੱਸ ਵੀ ਨਾ ਸਕਿਆ ।
ਵਿਛੜਨ ਵੇਲੇ ਦੀ ਜੱਫੀ 'ਚ ਥੰਮ੍ਹ ਕੇ ਗ਼ਮਾਂ ਦੇ ਝੱਖੜ
ਕਿ ਮੈਂ ਆਖ਼ਰੀ ਘੜੀ ਸੰਗ ਤੇਰੇ ਜ਼ਰਾ ਹੱਸ ਵੀ ਨਾ ਸਕਿਆ ।
ਸੱਤ ਫੁੱਟ ਡੂੰਘੀ ਨਹੀਂ ਹੁੰਦੀ ਕਬਰ ਮਰਿਆਂ ਦੀ
ਮੈਂ ਸੱਤ ਹਜ਼ਾਰ ਮੀਲ ਦੀ ਗਹਿਰਾਈ 'ਚ ਬੈਠਾ ਹਾਂ ।
ਮਰਿਆ ਨਹੀਂ ਐਪਰ ਮੇਰਾ ਵਿਸ਼ਵਾਸ ਵੀ ਜ਼ਿੰਦਾ
ਝਾਤੀ ਮਾਰ ਕੇ ਤੱਕ ਮੈਂ ਤੇਰੇ ਦਿਲ ਦੀ ਕਿਸ ਤਨਹਾਈ 'ਚ ਬੈਠਾ ਹਾਂ ।

ਸੀਨੇ ਦੀ ਅੱਗ 'ਚ ਗੁੰਨ੍ਹ ਕੇ ਅੱਜ ਫਿਰ ਸੋਚ ਆਪਣੀ ਨੂੰ
ਪਕੜ ਕੇ ਕਲਮ ਕਿਰਨਾਂ ਦੀ ਇਹ ਖ਼ਤ ਜਾ ਲਿਖਣ ਲੱਗਿਆਂ ਹਾਂ ।
ਗਲੀਆਂ ਹੂੰਝਦੀ ਮਜਬਣ ਤੋਂ ਆਪਣੀ ਮਾਂ ਜੱਟੀ ਤੱਕ
ਸਮੁੰਦਰੋਂ ਪਾਰ ਬੈਠਾ ਵੀ ਮੈਂ ਖੁਦ ਨੂੰ ਦਿਖਣ ਲੱਗਿਆ ਹਾਂ ।
ਅੰਮ੍ਰਿਤਸਰ ਤੋਂ ਚੱਲ ਕੇ ਮੈਂ ਸਾਰੇ ਰਾਹ ਵਿਚ ਤੱ-ਕਿਆ,
ਹਰ ਰੁਤ ਵਾਂਗਰਾਂ ਇਸ ਵਾਰ ਵੀ ਬੜੇ ਬੋਹਲ ਲਗਾਏ ਤੂੰ ।
ਸਦੀਆਂ ਤੋਂ ਜਿਵੇਂ ਮਾਹਰ ਤੂੰ ਮਿੱਟੀਉਂ ਸੋਨਾ ਬਣਾਉਣ ਦਾ
ਖ਼ੂਨ ਪਸੀਨਾ ਡੋਲ੍ਹ ਕੇ ਮੋਤੀ ਉਗਾਏ ਤੂੰ ।
ਪਿਛਲੀ ਰੁੱਤ ਦੀ ਤੇਰੀ ਜੋ ਕਮਾਈ 'ਚੋਂ ਉੱਸਰੇ ਉਹ
ਦਿੱਲੀ ਵਿਚ ਨਵੇਂ ਪੰਜ ਸਟਾਰੀ ਹੋਟਲ ਮੈਂ ਤੱਕੇ,
ਤਾਂ ਟੀਸ ਜਿਹੀ ਬਣ ਕੇ ਉੱਭਰੇ ਮੇਰੇ ਦਿਲ ਦੇ ਕੋਨੇ 'ਚੋਂ
ਥੁੜਾਂ ਦੇ ਵਿਚ ਤੜਪਦੇ ਤੇਰੇ ਆਪਣੇ ਬੱਚੇ ।

ਮੇਰਾ ਤੂੰ ਫ਼ਿਕਰ ਨਾ ਕਰੀਂ ਮੈਂ ਵਧੀਆ ਬੀਤ ਰਿਹਾ ਹਾਂ
ਮੇਰਾ ਮਤਲਬ ਕਿ ਇਥੇ ਭੁਖ ਨੰਗ ਨਹੀਂ ਯਾਰਾ !
ਜੇ "ਤੰਗੀ" ਦੀ ਤੇਰੀ ਪ੍ਰੀਭਾਸ਼ਾ ਮੰਨ ਲਈਏ
ਤਾਂ ਇਥੇ ਜੋ "ਤੰਗ" ਨੇ ਉਹ ਵੀ ਤੰਗ ਨਹੀਂ ਯਾਰਾ ।
ਹਾਂ ਸੱਚ ਸੁਣ ਜੇ ਆਪਣੇ ਕੰਨਾਂ ਤੇ ਵਿਸ਼ਵਾਸ ਹੈ ਤੈਨੂੰ
ਤੂੰ ਮੰਨੇ ਨਾ ਮੰਨੇ ਮੇਰੇ ਤਾਂ ਕੰਨਾਂ ਵਿਚ ਹਾਲ ਦੁਹਾਈ ਹੈ ।
ਕਿ ਇੱਥੋਂ ਦੇ ਸੋਹਣੇ ਬੰਦਿਆਂ 'ਚੋਂ, ਇਥੋਂ ਦੀਆਂ ਸਾਫ਼ ਸੜਕਾਂ 'ਚੋਂ
ਮੈਨੂੰ ਤੇਰੇ ਖੇਤਾਂ 'ਚ ਡੁੱਲ੍ਹੇ ਤੇਰੇ ਪਸੀਨੇ ਦੀ ਬੋਅ ਆਈ ਹੈ ।
ਏਥੋਂ ਦੇ ਸੂਰਜ ਦੀ ਲਾਲੀ 'ਚ ਘੁਲਿਆ ਤੇਰੇ ਲਹੂ ਦਾ ਰੰਗ ਹੈ
ਕਾਰਾਂ ਦੀ ਰਫ਼ਤਾਰ 'ਚ ਤੇਰੇ ਗੱਡੇ ਦੀ ਹਰਕਤ ਸਮਾਈ ਹੈ ।
ਤੇਰੀ ਉਧਲ ਗਈ ਵਿਸਾਖੀ ਮੈਂ ਨੱਚਦੀ ਵੇਖੀ ਹੈ ਇਥੇ ਪੱਬਾਂ ਵਿਚ
ਤੇਰੇ ਭੰਗੜੇ ਨੂੰ "ਵਲੈਤੀ ਝਾਂਜਰ" ਪਹਿਨਾਈ ਹੈ ।

ਇਹ ਕਿੱਥੋਂ ਸੰਨ੍ਹ ਲੱਗਦੀ ਹੈ ਤੂੰ ਵੇਖੀਂ ਘਰ ਆਪਣੇ ਨੂੰ
ਕੀਹਨੇ ਹਰ ਖੁਸ਼ੀ ਜੜੋਂ ਪੱਟ ਕੇ ਤੇਰੀ ਇਧਰ ਪੁਚਾਈ ਹੈ।
ਤੂੰ ਕਦੀ ਸੋਚਿਆ ਕਿ ਕਿੱਥੇ ਗਏ ਤੇਰੇ ਭੰਗੜੇ ਤੇ ਤੀਆਂ
ਕਿੱਥੇ ਗਈਆਂ ਠੰਢੀਆਂ ਤੂਤਾਂ ਦੀਆਂ ਛਾਵਾਂ।
ਕਿਹੜੇ ਚੋਰ ਲੈ ਗਏ ਹਥਣੀਆਂ ਵਰਗੀਆਂ ਬੂਰੀਆਂ ਮੱਝਾਂ
ਪਹਾੜਾਂ ਜਿਹੇ ਜਿਗਰਿਆਂ ਵਾਲੇ ਬਾਪ ਕਿੱਥੇ ਧਰਤੀ ਵਰਗੀਆਂ ਮਾਵਾਂ।

ਇਹ ਸਭ ਕੁਝ ਕਿਹਨੇ ਖਾ ਲਿਆ ਇਹ ਸਭ ਕੁਝ ਕਿੱਥੇ ਖ਼ਪ ਗਿਆ
ਤੇਰੇ ਘਰ ਡਾਕੇ ਦੀ ਗਾਥਾ ਤੇਰੇ ਹੀ ਘਰ ਤੋਂ ਆਰੰਭ ਹੁੰਦੀ ਹੈ।
ਦਿਨ ਤੇ ਰਾਤਾਂ ਲਗਾਤਾਰ ਰੁਲਦੀ ਕਿਰਤ ਤੇਰੀ ਵਿਚ ਮੰਡੀਆਂ ਦੇ
ਤੈਨੂੰ ਲੁੱਟਣ ਲਈ ਹਕੂਮਤ ਬਦਲ ਕੇ ਭੇਸ ਤੇਰੇ ਸਾਹਵੇਂ ਖੜ੍ਹੀ ਨਿਸ਼ੰਗ ਹੁੰਦੀ ਹੈ।
ਪਰਦੇ ਦੇ ਪਿੱਛੇ ਉਹ ਰੂਬਲ ਦੀ ਜੀਭ ਵਾਲੀ ਡਾਲਰ ਦੀ ਬੇਟੀ ਜੋ
ਦਿੱਲੀ ਦੇ ਤਖ਼ਤ ਤੇ ਬੈਠੀ ਰਾਖਸ਼ ਮੂੰਹ ਵਾਲੀ ਹੈ।
ਤੂੰ ਸੋਚਿਆ ਕਦੀ ਕਿ ਇਹਦੇ ਪੈਰਾਂ 'ਚ ਵਸੀ ਹੋਈ ਕਿਉਂ ਤੋਰ ਨਿਕਸਨ ਦੀ
ਏਹਦੇ ਚਿਹਰੇ ਤੇ ਕਿਉਂ ਕੁਈਨ ਐਲੀਜ਼ਾਬਿਥ ਦੇ ਚਿਹਰੇ ਜਿਹੀ ਲਾਲੀ ਹੈ।
ਦਿੱਲੀ ਦੇ ਪੇਟ 'ਚੋਂ ਜੰਮੀ ਇਹ ਨਾਦਰ ਸ਼ਾਹ ਦੀ ਔਲਾਦ ਹੈ, ਬਾਬਰ ਦੀ ਔਕਾਤ ਹੈ
ਔਰੰਗਜ਼ੇਬ ਦੀ ਭਟਕਦੀ ਹੋਈ ਰੂਹ ਇਹ ਮਹਿਮੂਦ ਗਜ਼ਨਵੀ ਦੀ ਵੀਹਵੀਂ ਸਦੀ ਤੇ ਪੈ ਰਹੀ ਪਰਛਾਈਂ ਹੈ।
ਤੈਨੂੰ ਲੁੱਟਣ ਲਈ ਕੁਲ ਹਿੰਦ ਨੂੰ ਲੁੱਟਣ ਲਈ
ਸਾਮਰਾਜੀਆਂ ਸੰਗ ਇਸ ਸਾਂਝੀ ਪਾਈ ਹੈ।
ਤੇਰੀ ਸਦੀਆਂ ਦੀ ਮਿਹਨਤ ਗਈ ਏਸੇ ਖੂਹ ਖਾਤੇ 'ਚ
ਮਾਖਿਉਂ ਕਿਰਤ ਤੇਰੀ ਦਾ ਹੈ ਖਾਧਾ ਤੇਰੀ ਦਿੱਲੀ ਨੇ।
ਤੈਨੂੰ ਖਾਧੇ ਨੂੰ ਖਾਧਾ ਅੱਖੀਂ ਵੇਖ ਲੈ ਭਾਵੇਂ
ਏਸ ਵਲੈਤੀ ਬਿੱਲੀ ਨੇ।

ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿਉਂ ਤੂੰ ਘੇਸਲ ਮਾਰ ਕੇ ਬੈਠੇਂ
ਕਿਹਨੂੰ ਉਡੀਕ ਰਿਹੈਂ ਕੀ ਦਿਲ 'ਚ ਧਾਰੀ ਹੈ।
ਹੁਣ ਤਾਂ ਤੂੰ ਸਾਰੇ ਦਾ ਸਾਰਾ ਰੁਲ ਚੱਲਿਐਂ ਇਸ ਗੰਦੇ ਨਿਜ਼ਾਮ ਦੇ ਪੈਰਾਂ 'ਚ
ਲੀਰ ਲੀਰ ਪੱਗ ਤੇਰੀ ਵਾਲ ਵਾਲ ਮੁੱਛ ਗਈ ਗਲੀਆਂ 'ਚ ਖਿਲਾਰੀ ਹੈ।
ਚਾਹੇ ਤੂੰ ਲੁੱਟਿਆ ਜਾ ਚੁੱਕਿਆ ਏਂ ਖ਼ਤਮ ਹੋਣ ਦੀ ਹੱਦ ਤੀਕਰ
ਪਰ ਅਜੇ ਤੇਰਾ ਵਿਰਸਾ ਬਾਕੀ ਹੈ ਜਿਹਨੂੰ ਜਗਾਇਆ ਜਾ ਸਕਦਾ ਹੈ।
ਅਜੇ ਜ਼ਮੀਂ ਅਸਮਾਨ ਬਾਕੀ ਹੈ ਅਜੇ ਵੀ ਹੋਸ਼ ਜੇ ਕਰੇਂ
ਤਾਂ ਉੱਜੜ ਗਿਆ ਘਰ ਮੁੜ ਵਸਾਇਆ ਜਾ ਸਕਦਾ ਹੈ।
ਤੂੰ ਨਾਂਨਕ ਦੇ ਰੂਪ ਵਿਚ ਲਲਕਾਰਿਆ ਸੀ ਬਾਬਰ ਨੂੰ
ਤੂੰ ਬਣ ਕੇ ਤਾਕਤ ਗੋਬਿੰਦ ਦੀ ਜ਼ੁਲਮ ਸੰਗ ਟਕਰਾਇਆ ਸੀ।
ਤੂੰ ਮਹਿਸੂਸ ਤਾਂ ਸਹੀ ਆਪਣੇ "ਗ਼ਦਰੀ" ਤੇ "ਬੱਬਰ" ਖ਼ੂਨ ਨੂੰ
ਇਹ ਖ਼ੂਨ ਜੋ ਤੂੰ ਭਗਤ ਸਿੰਘ ਦੀਆਂ ਰਗਾਂ 'ਚ ਵਹਾਇਆ ਸੀ।

ਪਰ ਹਾਂ ਸੱਚ, ਇਹ ਜੋ ਸੰਤ ਭਿੰਡਰਾਂ ਦਾ ਵਸਾਹ ਨਾ ਕਰੀਂ
ਇਹਦੀ ਕੋਸ਼ਿਸ਼ ਹੈ ਤੇਰਿਆਂ ਪਾਣੀਆਂ 'ਚ ਜ਼ਹਿਰ ਘੋਲਣ ਦੀ।
ਸੰਨ ਸੰਤਾਲੀ ਦੇ ਜ਼ਖਮ ਤਾਂ ਤੇਰੇ ਭਰੇ ਨਹੀਂ ਹਾਲੇ
ਇਹਦੀ ਇੱਛਾ ਹੈ ਉਨ੍ਹਾਂ ਜ਼ਖ਼ਮਾਂ ਦੇ ਉੱਪਰ ਨਮਕ ਡੋਲ੍ਹਣ ਦੀ।
ਏਸ ਮਸੰਦੀ ਸੰਤ ਨੂੰ ਥਾਪਨਾ ਹੈ ਦਿੱਲੀ ਦੇ ਜ਼ੈਲ ਸਿੰਘ ਦੀ
ਇਹਦੇ ਕੁੜਤੇ ਦੇ ਖ਼ੀਸੇ 'ਚ ਅਮਰੀਕੀ ਡਾਲਰ ਦੀ ਛਣਕਾਰ ਹੈ।
ਇਹ ਤੇਰਾ ਸਿਰ ਭਿੜਾ ਕੇ ਤੇਰੀਆਂ ਹੀ ਕੰਧਾਂ ਸੰਗ ਪਾੜ ਦੇਣਾ ਲੋਚਦਾ
ਇਹ "ਸੰਤ" ਨਹੀਂ ਇਹ ਹਕੂਮਤ ਦੇ ਗੰਦੇ ਈਰਾਦਿਆਂ ਦੀ ਪੈਦਾਵਾਰ ਹੈ।

ਤੇਰਾ ਜੇ ਅਣਖ ਦੀ ਅੰਗੜਾਈ ਲੈਣ ਨੂੰ ਜੀਅ ਕਰਦਾ ਹੀ ਹੈ
ਤਾਂ ਜੀਅ ਸਦਕੇ ਲੈ ਪਰ ਜਾਚ ਸਿੱਖ ਲੜਨ ਦੀ ਬੂਝਾ ਸਿੰਘ ਰਵੀ ਮਰਗਿੰਦ ਕੋਲੋਂ।
ਦੁਰਾਹੇ ਤਰਸੇਮ ਦੇ ਘਰ ਕੋਲੋਂ ਮਨੀ ਸਿੰਘ ਦੀ ਵਿੜਕ ਤੂੰ ਲੈ ਸਕਦੈਂ
ਭਗਤ ਸਿੰਘ ਦਾ ਪਤਾ ਤੂੰ ਪੁੱਛ ਸਕਦੈਂ ਕਾਲਾ ਸਿੰਘਾ ਦੇ ਤੇਜੇ ਤੇ ਜਿੰਦ ਕੌਲੋਂ।
ਹਿੱਥੇ ਹੀ ਘੁੰਮ ਰਿਹਾ ਹੋਣੈਂ ਇਕ ਲੱਤ ਦੇ ਭਾਰ "ਦੁਸਾਂਝ" ਕੋਈ
ਉਹਨੂੰ ਪੁੱਛੀਂ ਤਾਂ ਜ਼ਰਾ ਦੂਜੀ ਲੱਤ ਕਿਹਦੇ ਲੇਖੇ ਲਾ ਆਇਆ ਹੈਂ।
ਜਿਨ੍ਹਾਂ ਵੀਹਵੀਂ ਸਦੀ ਦੇ ਆਖ਼ਰ ਵਿਚ ਵੀ ਔਰੰਗਜ਼ੇਬੀ ਜ਼ੁਲਮ ਹੰਢਾਏ ਨੇ
ਤੂੰ ਦੱਸ ਉਨ੍ਹਾਂ ਦੀ ਯਾਰੀ ਦਾ ਕੀ ਮੁੱਲ ਪਾਇਆ ਹੈ।

ਅਜੇ ਵੀ ਵਕਤ ਹੈ ਨੀਂਦ ਚੋਂ ਉੱਠ ਖੜ੍ਹ ਪਹਿਚਾਣ ਲੈ ਖ਼ੁਦ ਨੂੰ
ਨਹੀਂ ਤਾਂ ਤੇਰੀਆਂ ਆਉਂਦੀਆਂ ਪੀੜ੍ਹੀਆਂ ਨੇ ਤੈਨੂੰ ਮਾਫ਼ ਨਹੀਂ ਕਰਨਾ।
ਤੈਨੂੰ ਇਤਿਹਾਸ ਦੇ ਪਹੀਏ ਨੇ ਕੁਚਲ ਕੇ ਲੰਘ ਜਾਣਾ ਹੈ
ਜੇ ਤੂੰ ਤੋਰ ਆਪਣੀ ਨੂੰ ਹੁਣ ਇਤਿਹਾਸ ਨਹੀਂ ਕਰਨਾ।
ਤੇਰੇ ਹੀ ਦਿਲ ਦੀ ਧੜਕਣ ਹੈ ਸਟੇਜ ਤੇ ਖੜ੍ਹੇ "ਅਮੋਲਕ" ਦੀ ਉੱਲਰਦੀ ਉਂਗਲ
ਤੂੰ ਉਹਦੀ ਆਵਾਜ਼ ਚੋਂ ਪੜ੍ਹ ਸਕਦੈਂ ਅੱਜ ਵੀ "ਜ਼ਫਰਨਾਮੇ" ਨੂੰ।

ਤੂੰ ਜੇ ਪਾੜਨਾ ਚਾਹੇਂ ਆਪਣਾ ਅਣਲਿਖਿਆ ਬੇਦਾਵਾ ਅੱਜ ਵੀ
ਸੁਰਖ਼ ਰੇਖਾ ਦੇ ਨਾਜ਼ਰ ਤੋਂ ਪੁੱਛ ਸਕਨੈਂ ਖ਼ਿਦਰਾਣੇ ਦੀ ਢਾਬ ਦੇ ਸਿਰਨਾਵੇਂ ਨੂੰ।
ਤੂੰ ਬਣ ਜਾ ਛੰਭ ਮਾਛੀਵਾੜਾ ਆਪਣੇ ਇਨ੍ਹਾਂ ਸਾਰੇ ਮੁਕਤਿਆਂ ਲਈ
ਜੋ ਤੇਰੀ ਮੁਕਤੀ ਲਈ ਸੀਸ ਤਲੀ ਤੇ ਧਰੀ ਫਿਰਦੇ ਨੇ।
ਤੂੰ ਪਾ ਲੈ ਆਪਣਾ ਹੱਥ ਫੌਲਾਦੀ ਉਨ੍ਹਾਂ ਦੀ ਘੰਡੀ ਨੂੰ
ਜੋ ਤੇਰੇ ਇਨ੍ਹਾਂ ਸਪੂਤਾਂ ਲਈ ਬੰਦੂਕਾਂ 'ਚ ਬਾਰੂਦ ਭਰੀ ਫਿਰਦੇ ਨੇ।
ਅਜੇ ਕੱਲ੍ਹ ਦੀ ਹੀ ਗੱਲ ਹੈ ਕਿ ਬਣਾਂ ਕੇ ਝੂਠੇ ਪੁਲਸ ਮੁਕਾਬਲੇ
ਉਹ ਤੇਰਾ ਹੀ ਖ਼ੂਨ ਸੀ ਜੋ ਇਨ੍ਹਾਂ ਪਾਣੀ ਵਾਂਗ ਵਹਾਇਆ ਸੀ।
ਉਂਝ ਤੂੰ ਬਦਲੇ ਤਾਂ ਹਕੂਮਤਾਂ ਤੋਂ ਲੈਣੇ ਖੂਬ ਜਾਣਦਾ ਏਂ
ਯਾਦ ਹੈ ਥਾਣੇ ਦੇ ਸਾਹਮਣੇ ਹੀ ਸਾਂਡਰਸ ਨੂੰ ਜਾ ਪਟਕਾਇਆ ਸੀ।
ਜਲ੍ਹਿਆਂ ਵਾਲੇ ਬਾਗ ਚੋਂ ਡੁੱਲੇ ਖੂਨ ਦਾ ਬਦਲਾ
ਤੂੰ ਵੀਹਾਂ ਸਾਲਾਂ ਬਾਅਦ ਜਾ ਕੇ ਲੰਦਨ 'ਚ ਚੁਕਾਇਆ ਸੀ।

ਇਹ ਤੇਰੇ ਅਸਲੀ ਪੁੱਤਰ ਨੇ ਜੋ ਇਨਕਲਾਬ ਦੀ ਗੱਲ ਕਰਦੇ ਨੇ
ਜਾਗਦਾ ਰਹੀਂ ਹੁਣ ਰਾਤਾਂ ਦੇ ਨ੍ਹੇਰੇ 'ਚ ਜ਼ੁਲਮਾਂ ਨੂੰ ਪਲਣ ਨਾ ਦੇਵੀਂ।
ਸੀਨੇ ਪਹਿਲਾਂ ਹੀ ਛੱਲਣੀ ਨੇ ਤੇਰੀਆਂ ਵਿਧਵਾ ਹੋ ਗਈਆਂ ਧੀਆਂ ਦੇ
ਸੀਨੇ ਹੋਰ ਮਾਵਾਂ ਦੇ ਹੁਣ ਤੂੰ ਛੱਲਣ ਨਾ ਦੇਵੀਂ।
ਮੈਂ ਵਿਗਿਆਨ ਦਾ ਬੰਦਾ ਹਾਂ, ਵਿਗਿਆਨੀਆਂ 'ਚ ਬਹਿਣੀ ਉੱਠਣੀ ਹੈ
ਏਸ ਲਈ ਗੁੱਸਾ ਨਾ ਕਰੀਂ ਮੇਰਾ ਚੰਦਰਾ ਸੁਭਾਅ ਹੀ ਸ਼ੱਕੀ ਹੈ।
ਉਂਝ ਤਾਂ ਮੈਨੂੰ ਵਿਸ਼ਵਾਸ਼ ਹੈ ਪੂਰਾ ਕਿ ਤੂੰ ਉੱਠੇਂਗਾ ਇਕ ਦਿਨ
ਤੇਰਾ ਦਰਦ ਉੱਠੇਗਾ ਇਕ ਤੂਫਾਨ ਉੱਠੇਗਾ ਤੇ ਤੇਰੀ ਜਿੱਤ ਪੱਕੀ ਹੈ।
• (NORTH VANCOUVER, B.C.)

(ਅਸੀਂ 'ਟੱਕਰ' ਕਾਵਿ-ਸੰਗ੍ਰਹਿ ਦੇ ਲੇਖਕ ਅਤੇ ਪੰਜਾਬ ਲੋਕ ਸਭਿਆਚਾਰ ਮੰਚ ਦੇ ਸਾਬਕਾ-ਸਕੱਤਰ ਕਵੀ ਸੁਖਪਾਲ ਦੇ ਕੈਨੇਡਾ ਦੇ ਲੇਖਕ ਭਾਈਚਾਰੇ ਵਿਚ ਸ਼ਾਮਲ ਹੋਣ 'ਤੇ ਖੁਸ਼ੀ ਪਰਗਟ ਕਰਦੇ ਹਾਂ। ਉਪਰੋਕਤ ਕਵਿਤਾ ਉਨ੍ਹਾਂ ਦੀ ਲੋਕ ਹਿਤੂ ਕਾਵਿ-ਪ੍ਰਤਿਭਾ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਕਵਿਤਾ ਵਿਚ ਜਨਤਕ ਲਹਿਰਾਂ ਵਿਚ ਸ਼ਹੀਦ ਹੋਣ ਵਾਲੇ ਮਰਜੀਵੜਿਆਂ ਤੋਂ ਬਿਨਾਂ ਕੁਝ ਕੁ ਉਨ੍ਹਾਂ ਰਾਜਨੀਤਕ/ਸਾਹਿੱਤਕ/ਸਭਿਆਚਾਰਕ ਕਾਮਿਆਂ ਦਾ ਵੀ ਜ਼ਿਕਰ ਹੈ ਜੋ ਲੋਕ-ਹਿੱਤਾਂ ਲਈ ਸੁਹਿਰਦਤਾ ਨਾਲ ਜੂਝ ਰਹੇ ਹਨ। ਅਜਿਹੇ ਕਾਮੇ ਕਈ, ਵੱਖ ਵੱਖ, ਹੋਰ ਗਰੁਪਾਂ ਵਿਚ ਸਰਗਰਮ ਹਨ। ਉਮੀਦ ਕਰਦੇ ਹਾਂ ਕਿ ਉਹ ਈਮਾਨਦਾਰ ਮਿਹਨਤਕਸ਼ ਵੀ ਸੁਖਪਾਲ ਦੀ ਕਾਵਿ-ਸਿਰਜਣਾ ਦਾ ਵਿਸ਼ਾ ਬਣਨਗੇ ਜੋ ਇਸ ਕਵਿਤਾ ਦੇ ਘੇਰੇ ਤੋਂ ਬਾਹਰ ਰਹਿ ਗਏ ਹਨ। —ਸੰਪਾਦਕ)

# ਗੁਰਚਰਨ ਰਾਮਪੁਰੀ ਦੀਆਂ ਤਿੰਨ ਕਵਿਤਾਵਾਂ

## ਧਰਤੀ ਮਾਤਾ

ਲਕੀਰਾਂ ਦੇ ਫਕੀਰੋ !
ਹਿਕੜੀ ਮੇਰੀ ਦੇ ਉੱਤੇ ਹੋਰ ਕਿੰਨੇ ਫੱਟ ਲਾਓਗੇ ?
ਤੜਪਦੀ ਰਗ ਮਿਰੀ 'ਤੇ ਖੁੰਢੀਆਂ ਛੁਰੀਆਂ ਚਲਾਓਗੇ !

ਤੁਹਾਨੂੰ ਸੀਰ ਦੇਂਦੇ ਮੈਂ ਕਦੇ ਦੁਧੀਆਂ ਨਹੀਂ ਵੰਡੀਆਂ,
ਪਿਆਰੀਂ ਛਲਕਦੇ ਸੀਨੇ ਤੇ ਕੋਈ ਲੀਕ ਨਹੀਂ ਹੁੰਦੀ,
ਤੁਹਾਥੋਂ, ਬੱਚਿਓ ! ਕਾਹਤੋਂ ਝਨਾਂ ਇਹ ਡੀਕ ਨਹੀਂ ਹੁੰਦੀ ?
ਤੁਸੀਂ ਡਰਦੇ ਹੋ ਐਵੇਂ ਦੁਧ ਮੇਰਾ ਮੁੱਕ ਜਾਇਗਾ !
ਰਿਦਾ ਮਾਂ ਦਾ ਸਰੋਵਰ ਹੈ, ਕਿਵੇਂ ਇਹ ਸੁੱਕ ਜਾਇਗਾ,
ਇਹ ਚਸ਼ਮੇਂ ਤਾਂ ਅਜ਼ਲ ਤੋਂ ਵਗ ਰਹੇ ਨੇ, ਰਹਿਣਗੇ ਵਗਦੇ ।

ਜਦੋਂ ਡੋਲੀ ਪਈ ਉਸ ਸ਼ਾਮ ਨੂੰ ਬੇਲੀਕ ਸੀ ਹਿਕੜੀ
ਤੇ ਫਿਰ ਉਹ ਵਾਰ ਹੋਏ ਖ਼ੰਜਰਾਂ, ਤੀਰਾਂ, ਕਟਾਰਾਂ ਦੇ,
ਇਹ ਚਸ਼ਮੇਂ ਦੂਧੀਆ ਬਣਕੇ ਲਹੂ ਧਾਰਾ ਵਹੇ ਜੁੱਗਾਂ,
ਰਹੇ ਨਾਸੂਰ ਰਿਸਦੇ, ਤੁਸੀਂ ਲੜਦੇ, ਹੱਸਦੇ ਵੈਰੀ
ਮਿਰੀ ਮੁਸਕਾਣ ਖੋਈ, ਮਾਂਗ ਖ਼ਾਲੀ ਤੇ ਹਵਾ ਜ਼ਹਿਰੀ ।

ਕੁਈ ਚੰਗੇਜ਼, ਨਾਦਰ ਲੈ ਗਿਆ ਮੈਨੂੰ ਹਰਮ ਅਪਣੇ
ਜਿਦ੍ਹੀ ਬੁੱਕਲ 'ਚ ਮੇਰੀ ਸੇਜ ਅੰਗਿਆਰੀ ਰਹੀ ਸਦੀਆਂ ।
ਕਦੇ ਕੋਈ ਸਿਪਾਹੀ ਆਪਣੇ ਤੰਬੂ 'ਚ ਲੈ ਵੜਿਆ,
ਕਦੇ ਕਪਟੀ ਵਪਾਰੀ ਹੀ ਸ਼ਿਕਾਰੀ ਬਣ ਗਿਆ ਮੇਰਾ:
ਕਦੇ ਮੂਰਖ ਦੀ ਡੋਲੀ ਵਿਚ, ਕਦੇ ਚਾਤਰ ਦੀ ਝੋਲੀ ਵਿਚ,
ਅਨੇਕਾਂ ਭੱਠੀਆਂ ਦੀ ਅੱਗ ਭੁੱਜ ਕੇ ਖਿੱਲ ਹੋਈ ਹਾਂ
ਅਮਰ ਹੁੰਦੀ ਹੋਈ ਵੀ ਹਰ ਨਵੀਂ ਆਥਣ 'ਚ ਮੋਈ ਹਾਂ ।

ਮਿਰੇ ਦੁਧ ਦੀ ਅਮੀਰੀ ਪੱਛ ਲਾ ਲਾ ਕੇ ਸੁਕਾ ਦਿਤੀ,
ਤੁਸੀਂ ਸਾਰੇ ਹੀ ਅਪਣੀਂ ਬੁੱਕਲੀਂ ਖੰਜਰ ਲੁਕੋ ਕੇ ਮੁਸਕਰਾਉਂਦੇ ਹੋ,
ਤੁਹਾਡੀ ਝੋਲ ਵਿਚ ਰੋਟੀ ਨਹੀਂ. ਤਾਹੀਓਂ, ਮਘੋਰੇ ਹਨ ।
ਵਪਾਰੀ ਹੋ ਬਨਾਉਟੀ ਵੰਡ, ਕੰਧਾਂ ਤੇ ਲਕੀਰਾਂ ਦੇ.
ਤੁਸੀਂ ਮਰ ਕੇ ਵੀ ਅਪਣੇ ਨਾਂ ਦੇ ਪੱਥਰ ਮਿਰੇ ਸੀਨੇ ਗੱਡ ਜਾਂਦੇ ਹੋ,
ਸਦਾ ਖਾਤਰ ਨਿਕੰਮੇ ਬੋਝ ਹੇਠਾਂ ਛੱਡ ਜਾਂਦੇ ਹੋ ।

ਮਿਰੀ ਦੇਹ ਕਰਕੇ ਲੀਰਾਂ ਆਪ ਵੀ ਲੀਰਾਂ ਹੰਢਾਉਂਦੇ ਹੋ
ਭਰਾ ਦੇ ਬਣ ਕੇ ਦੁਸ਼ਮਣ ਓਸ ਦੀ ਖਾਤਰ ਤਰਸਦੇ ਹੋ
ਤੁਹਾਡੇ ਤਨ ਵੀ ਲੀਰਾਂ ਹਨ, ਤੁਹਾਡੇ ਮਨ ਵੀ ਲੀਰਾਂ ਹਨ ।

ਮਦਾਰੀ ਆਪਣੀ ਥੈਲੀ 'ਚ ਚਾਂਦੀ ਧਨ ਧਨਾਉਂਦਾ ਹੈ
ਤੁਹਾਡੇ ਗਲ ਪਟਾ ਪਾਕੇ ਜਿਵੇਂ ਚਾਹੇ ਨਚਾਉਂਦਾ ਹੈ
ਪਰੇ ਬਹਿਕੇ ਤੁਹਾਨੂੰ ਇਕ ਦੂਜੇ ਤੋਂ ਹੀ ਉਹ ਨੰਗਾ ਕਰਾਉਂਦਾ ਹੈ।
ਭਰਾ ਦਾ ਵੇਸ ਲੀਰਾਂ ਕਰਕੇ
ਪਲ ਭਰ ਹੱਸਦੇ ਹੋ, ਉਮਰ ਭਰ ਹੰਝੂ ਵਹਾਉਂਦੇ ਹੋ
ਜੁਗਾਂ ਦੀ ਬਚਗਾਨਾ ਖੇਡ ਆਖ਼ਰ ਕਦ ਮੁਕਾਓਗੇ ?
ਮਿਰੇ ਸ਼ਹਿਜ਼ਾਦਿਓ ! ਗਲਵਕੜੀਆਂ ਦਾ ਸੁਰਗ ਮੈਨੂੰ ਕਦ ਵਿਖਾਓਗੇ ?

## ਲਹੂ ਤੇ ਲਲਕਾਰ

ਇਹ ਕੇਹੇ ਈਮਾਨ ਵਾਲਿਆਂ ਦੀ ਬਸਤੀ ਹੈ
ਹਰ ਕੋਈ ਦੂਜੇ ਨੂੰ ਕਾਫ਼ਿਰ ਆਖ ਰਿਹਾ ਹੈ ।

ਗੱਦੀਦਾਰਾਂ ਜਦੋਂ ਜਹਾਦੀ ਨਾਅਰਾ ਲਾਇਆ,
ਮੈਂ ਹਰ ਵਾਰੀ ਉਹਨਾਂ ਖਾਤਰ ਲਹੂ ਵਹਾਇਆ ।

ਮੈਂ ਜਦ ਰਣ ਵਿਚ ਫੱਟੜ, ਅਧ ਬੇਹੋਸ਼ੀ ਅੰਦਰ ਹੂੰਗਾ ਮਾਰਾਂ
ਨਾਅਰੇ ਬਾਜ਼ ਆਪਣੇ ਮਹਿਲੀਂ
ਮੇਰੀ ਧੀ ਦੇ ਅਧਨੰਗੇ, ਨਚਦੇ ਅੰਗਾਂ ਦੀ ਥਰਕਣ ਉੱਤੇ
ਨਸ਼ੇ 'ਚ ਡੁੱਬੀਆਂ ਕਾਮੀ ਅੱਖਾਂ ਫੇਰਨ ।

ਲਹੂ ਮਿਰੇ ਦਾ ਦਾਨ ਮੰਗਦਾ ਨਾਅਰਾ ਉਭਰੇ
ਕਦੇ ਧਰਮ ਦੇ ਖੂੰਜੇ ਵਿਚੋਂ,
ਕਦੇ ਕੌਮ ਦੀ ਝੋਲੀ ਵਿਚੋਂ,
ਨਸਲੀ ਸਾਏ ਨਾਲ ਲਿਬੜਿਆ
ਰੰਗ, ਜਾਤ ਜਾਂ ਬੋਲੀ ਵਿਚੋਂ ।
ਮੇਰੇ ਪੱਲੇ ਲਾਂਬੂ ਪਾ ਕੇ
ਸੋਨੇ ਦੇ ਮੋਢਾਂ ਦੀ ਪਿੱਠ ਤੇ ਬਣੇ ਤਖ਼ਤ ਤੇ ਡੇਰਾ ਲਾਉਂਦਾ,
ਫੇਰ ਮਿਰੇ ਤੇ ਹੁਕਮ ਚਲਾਉਂਦਾ ।

ਰਣ ਖੇਤਰ ਵਿਚ ਦੂਜੇ ਪਾਸੇ ਲੜਦੇ ਜੋਧੇ
ਮੇਰੇ ਮਿੱਤਰਾਂ ਜਿਉਂ ਹੀ ਜਾਨਾਂ ਹੂਲਣ ।
ਦੋਵੇਂ ਸੈਨਾਪਤੀ ਆਪਣੇ ਝੰਡਿਆਂ ਵਲ ਤਲਵਾਰ ਉਠਾ ਕੇ,
ਆਪ ਹਿਫ਼ਾਜ਼ਤ ਭਰੀ ਪਨਾਹ 'ਚੋਂ,
ਲੀਕ ਜਾਨ ਦੀ ਪਾਰ ਕਰਨ ਖਾਤਰ ਸਾਨੂੰ ਲਲਕਾਰਨ ।

ਦੋਵੇਂ ਪਾਸੇ ਸਾਡੀ ਰੱਤ ਮੁੱਕਣ ਤੋਂ ਪਿੱਛੋਂ,
ਮਹਿਕੇ ਦਰਬਾਰਾਂ ਦੀ ਸ਼ਾਨ 'ਚ ਬਹਿ ਕੇ
ਮੋਮਨ, ਪੰਡਿਤ ਜਾਮ ਵਟਾਂਦੇ,
ਅਜ਼ਲੀ ਮਿੱਤਰਤਾ ਦੀਆਂ ਸੌਂਹਾਂ ਖਾਂਦੇ,
ਇਕ ਦੂਜੇ ਨੂੰ ਸੀਨੇ ਲਾਂਦੇ ।

ਦੋਵੇਂ ਸਾਡੇ ਕੋਲੋਂ ਕਰ ਉਗਰਾਂਹਦੇ
ਮੂਰਖ ਦੋਹਾਂ ਦੀ ਕਰੂਪ ਝੋਲੀ ਵਿਚ ਮੋਹਰਾਂ ਪਾਂਦੇ ।

ਸਾਡੇ ਡੂੰਘੇ ਜ਼ਖ਼ਮ ਜਦੋਂ ਅੰਗੂਰੇ ਜਾਂਦੇ,
ਝੱਲੇ ਅਪਣੇ ਦਾਗ਼ਾਂ ਦੇ ਤਮਗੇ ਲਟਕਾਂਦੇ ।

ਮਾਇਆ, ਮਿਲਖ, ਰੂਪ, ਜੈ ਜੈ ਦੇ ਲੋਭੀ,
ਨਵੇਂ ਬਹਾਨੇ ਨਾਅਰਾ ਲਾਂਦੇ ।
ਕੋਈ ਰਤਾ ਅਕਲ ਦੀ ਆਖੇ,
ਉਸ ਤੇ ਧ੍ਰੋਹੀ, ਕਾਫ਼ਿਰ ਦੀ ਪਰਚੀ ਚਿਪਕਾਂਦੇ;
ਅਗਲੇ ਰਣ ਲਈ ਚਾਲੇ ਪਾਂਦੇ ।

ਬੇਲੋੜਾ ਕਤਲਾਮ ਅਤੇ ਝੂਠੇ ਨਾਅਰੇ ਦਾ ਚੱਕਰ
ਜ਼ੀਵਨ ਦੇ ਸਿਰ ਪਾ ਇਹ ਰਾਖ ਰਿਹਾ ਹੈ ।
ਇਹ ਕੇਹੇ ਈਮਾਨ ਵਾਲਿਆਂ ਦੀ ਬਸਤੀ ਹੈ
ਹਰ ਕੋਈ ਦੂਜੇ ਨੂੰ ਕਾਫ਼ਿਰ ਆਖ ਰਿਹਾ ਹੈ ।

## ਚੋਣਾਂ

ਨਾਟਕ ਖੇਡ ਰਹੇ ਨੇ ਚੋਰ
ਦਰ ਤੋਂ ਬਾਹਰ ਸਾਧੂ ਦਿਸਦੇ
ਦਰ ਤੋਂ ਅੰਦਰ ਹੋਰ ।

ਮੁਕਟ ਮਖੌਟਾ ਲਾਣ ਰਿਸ਼ੀ ਦਾ
ਰਾਵਣ, ਕੰਸ ਲੁਕਾਣ ।
ਵਰ੍ਹਿਆਂ ਬਾਦ ਵੋਟ ਦੀ ਭਿਛਿਆ,
ਮੰਗਣ ਇਕ ਪਲ ਆਣ ।
ਇਕ ਉਲਾਂਘ ਨਾਲ ਮੇਰਾ ਘਰ
ਆਪਣੀ ਝੋਲੀ ਪਾਣ
ਫਿਰ ਨਾ ਅੱਖ ਮਿਲਾਣ ।

ਅਗਲੀ ਵਾਰੀ ਮੁਕਟ ਮਖੌਟੇ
ਆਪਸ ਵਿਚ ਵਟੌਣ,
ਕੱਲ੍ਹ ਦਾ ਕ੍ਰਿਸ਼ਨ ਕੰਸ ਬਣ ਜਾਵੇ
ਕੱਲ੍ਹ ਦਾ ਲਛਮਣ ਰੌਣ,
ਮੇਰੇ ਦੁਆਲੇ ਸੈਆਂ ਲੀਕਾਂ
ਕੱਢਣ ਅਤੇ ਮਿਟੌਣ
ਮੈਥੋਂ ਮੇਰੀ ਰੋਟੀ, ਬੇਟੀ ਸੀਤਾ ਸਭੇ ਚੁਰੌਣ ।

ਅਗਲੀ ਵਾਰੀ ਜਦ ਬਰੂਪੀਏ
ਮੇਰੇ ਪਿੰਡ ਵਿਚ ਔਣ;
ਮੈਂ ਇਹਨਾਂ ਦੇ ਝੂਠ ਇਨ੍ਹਾਂ ਦੇ ਮੂੰਹ ਤੇ ਮਾਰਾਂ,
ਮੁਕਟ, ਮਖੌਟੇ, ਤਿੱਲੇਦਾਰ ਪੁਸ਼ਾਕਾਂ ਪਾੜਾਂ,
ਕਪਟ-ਰਿਸ਼ੀ-ਟੋਲੇ ਦਾ ਲੋਭੀ ਕਾਮੀ ਅਸਲ ਉਘਾੜਾਂ।

ਚਾਹਾਂ ਮੇਰੇ ਪਿੰਡ ਦੇ ਲੋਕੀ
ਸਾਂਝਾਂ, ਸਾਥ ਨਿਭੌਣ,
ਏਹਨਾਂ ਚੋਰਾਂ ਦੀ ਰੱਤ ਆਪਣੇ ਖੇਤਾਂ ਦੇ ਵਿਚ ਪੌਣ,
ਉਹ ਸਮਰੱਥ ਇਹ ਅਦਲੀ ਭਾਣਾ ਛੇਤੀ ਹੀ ਵਰਤੌਣ।

ਚੋਰਾਂ ਦੇ ਨਾਟਕ ਦਾ ਮੌਸਮ
ਨੇੜੇ ਢੁੱਕਦਾ ਆਵੇ
ਖਰ੍ਹਵੇ ਬੋਲ ਮੁਲਾਇਮ ਬਣਦੇ
ਵਧਦਾ ਜਾਂਦਾ ਸ਼ੋਰ
ਨਾਟਕ ਖੇਡ ਰਹੇ ਨੇ ਚੋਰ ।

● (NORTH VAN., B.C.)

ਸੰਤ ਰਾਮ ਉਦਾਸੀ ਕਾਲਮ

## ਬੋਲੀਆਂ

### ਸੰਤ ਰਾਮ ਉਦਾਸੀ

ਏਸ ਕਿਨਾਰੇ ਅਣਖ ਨਹੀਂ ਤੇ ਮੌਤ ਹੈ ਓਸ ਕਿਨਾਰੇ ।
ਚਾਰੇ ਪਾਸੇ ਟੱਕਰੀਂ ਭਿੜਦੇ ਹੈਨ ਪਹਾੜ ਹਕਾਰੇ ।
''ਸੱਜਰੀ ਸੋਚ ਬਿਹੀ ਨਾ ਹੋ ਜੇ'' ਖੜਿਆਂ ਵੀ ਡਰ ਮਾਰੇ ।
ਤਲੀਆਂ ਤੇ ਸਿਰ ਧਰ ਜੁ ਤਰਗੇ ਉਹ ਸਦਦੇ ਉਸ ਪਾਰੇ ।
ਤੂੰ ਜਾਣੈਂ ਹੈ ਪਾਰ ਜਾਂ ਰੇਹੀਂ ਬਨਣੈ ਏਸ ਕਿਨਾਰੇ ।
ਫੋਕੇ ਲਾਈਂ ਨਾ ਤੂੰ ਪੱਤਣਾਂ ਨੂੰ ਲਾਰੇ ।

ਤੂੰ ਬਣਦੀ ਹੈਂ ਬਹੁਤ ਭੁਲੱਕੜ, ਯਾਦ ਕਰੀਂ ਉਹ ਵੇਲਾ ।
ਜਦ ਤੈਨੂੰ ਵੀ ਵਾਹਣਾ ਅੰਦਰ ਹੋ ਗਿਆ ਬਹੁਤ ਕੁਵੇਲਾ ।
ਤੂੰ ਬਘਿਆੜਾਂ ਦੇ ਢਾਹ ਚੜ੍ਹਗੀ, ਜਿਉਂ ਦੁੱਧ ਚੁੰਘਦਾ ਲੇਲਾ ।
ਰਾਹੋਂ ਕੌਣ ਕੁਰਾਹੇ ਲੈ ਗਏ, ਪਾਕੇ ਕੋਈ ਝਮੇਲਾ ।
ਔਖੇ ਵੇਲੇ ਕੌਣ ਹੈ ਪੁਛਦਾ, ਤੂੰ ਕੀਹਦਾ ਗੁਰ-ਚੇਲਾ ।
ਉੱਛਲੇ ਸਾਗਰ ਤੋਂ ਹੋਣਾ ਬਹੁਤ ਦੁਹੇਲਾ ।

ਆਦਮ-ਬੋ, ਆਦਮ-ਬੋ, ਕਰਦੀ ਆਉਂਦੀ ਮੌਤ ਹੈ ਮੂਹਰੇ ।
ਤੇਰਾ 'ਅਮਨ-ਸੰਤਰੀ' ਤੈਨੂੰ ਵਾਂਗ ਯੁੱਧਾਂ ਦੇ ਘੂਰੇ ।
ਕੰਨ ਪਾਈ ਨਾ ਸੁਨਣੀਂ ਇਸਨੇ, ਕਿੰਨੇ ਮਾਰ ਵਸੂਰੇ ।
ਮਰਨਾਂ ਹੀ ਜੇ ਕਿਉਂ ਨੀ ਜਿਉਂਦਾ ? ਦੋ ਦਿਨ ਮਾਰ ਘੰਗੂਰੇ !
ਪੰਜਾਂ ਦੀ ਪੰਚਾਇਤ ਜਿਵੇਂ ਹੈ ਇਉਂ ਪੰਜ ਉਂਗਲਾਂ ਹੂਰੇ ।
ਜੇ ਤੂੰ ਹੈਂ 'ਬੰਦਾ', ਤਾਂ ਲੱਗ ਤੁਰ ਪੈ ਮੂਹਰੇ ।

ਕੱਖ ਪਲਾਹੀਂ ਹੱਥ ਮਾਰਦਾ ਲਭਦਾ ਤੀਰ ਲਕੋਏ ।
ਮਰਦੈਂ ਮਿਰਜੇ ਵਾਂਗ ਇਕੱਲਾ, ਵੀਰ ਤੇਰੇ ਕੀ ਮੋਏ ?
ਕੌਣ ਕਿਸੇ ਦਾ ਧੋਣਾ ਧੋਵੇ, ਜੁ ਅਪਣਾ ਨਾਂ ਧੋਏ ।
ਉਸ ਧਰਤੀ ਨੂੰ ਕਹਿਣ ਔਤਰੀ ਪੁੱਤ ਜਿਸਦੇ ਅਨਹੋਏ ।
ਹੁਣ ਤੱਕ ਹੈਨ ਬਥੇਰੇ ਅੱਥਰੂ ਹਾਰਾਂ ਵਿਚ ਪਰੋਏ ।
ਅੱਪਣੀਂ ਕਰਨੀਂ ਤੇ ਬੈਠ ਆਪ ਹੀ ਰੋਏ ।

ਤੂੰ ਚੰਧਿਆਈਆਂ ਅੱਖੀਆਂ ਮੂਹਰੇ ਚਾਨਣ ਵਾਂਗ ਬਿਖਰ ਜਾ ।
ਤੂੰ ਨਿਰਆਸ ਮਨਾਂ ਵਿਚ ਜਾਕੇ ਸੂਰਜ ਵਾਂਗੂ ਚੜ੍ਹਜਾ ।
ਤੂੰ ਖਾਣਾਂ ਵਿਚ ਘਿਰਿਆਂ ਦੇ ਲਈ ਆਸ ਜਿਊਣ ਦੀ ਬਣਜਾ ।
ਤੂੰ ਮੰਗੂਆਂ ਦੇ ਪਾਲੀ ਖ਼ਾਤਰ ਚੋਪੜਿਆ ਟੁੱਕ ਬਣਜਾ ।
ਤੂੰ ਮੁਟਿਆਰ ਧੀਆਂ ਦੇ ਪਿਉ ਤੇ ਨੀਂਦਰ ਵਾਂਗ ਪਸਰ ਜਾ।
ਜਿਉਣਾਂ ਜੇ ਚਾਹੇਂ ਤਾਂ ਲੋਕਾਂ ਲਈ ਮਰਜਾ।

● (INDIA)

# ਰਜਿੰਦਰ ਦੀਆਂ ਤਿੰਨ ਕਵਿਤਾਵਾਂ

## ਦਸਤਕ

ਤੇਰੀਆਂ ਅੱਖਾਂ 'ਚ
ਉਲਝਣ ਦੇਖਣ ਦੇ ਬਾਵਜੂਦ
ਮੈਂ ਸਹਿਮੇ ਦਿਲ ਨਾਲ
ਤੇਰੇ ਦਰਵਾਜ਼ੇ ਤੇ ਦਸਤਕ ਦਿਤੀ।
ਦਹਿਲੀਜ਼ 'ਚ, ਦੇਖਕੇ ਆਕਾਰ ਤੇਰਾ
ਮੇਰੀ ਸਰਦੀ ਨਾਲ ਜੰਮੀ ਜ਼ੁਬਾਨ ਵਿੱਚ
ਜਿਵੇਂ ਲਾਟ ਸੁਲਘੀ ਅੱਗ ਦੀ।
ਪਰ
ਨੀਝ ਲਾਕੇ ਤੇਰੀਆਂ ਅਖਾਂ ਵੱਲ ਜਦ ਵੇਖਿਆ
ਮੇਰੇ ਬੋਲਾਂ ਤੇ ਬਰਫ ਜੰਮ ਗਈ
ਤੇ ਮੈਂ ਪਿਛਲੇ ਪੈਰੀਂ ਪਰਤ ਪਈ।
ਤੇਰੇ ਦਰਵਾਜ਼ੇ ਤੇ ਦਸਤਕ ਦੇਣ ਤੋਂ ਲੈਕੇ
ਮੇਰੇ ਪਰਤ ਆਉਣ ਦੇ
ਸੁੰਨੇ ਤਿੱਖੇ ਪਲਾਂ ਵਿਚ
ਮੈਂ ਨਿਸ਼ਾਨਾ ਬਨਣ ਤੋਂ ਪਹਿਲਾਂ ਹੀ ਖੁੰਢੀ ਹੋ ਗਈ।
ਦੇਖ ਕੇ ਤੈਨੂੰ
ਕਦੀ ਸੀ ਕੁਝ ਪਲਾਂ ਲਈ ਜਾਪਿਆ
ਕਿ ਸੀਤ ਠੱਕੇ ਤੋਂ ਬਚਾ ਸਕਦਾ ਹੈ ਮੈਨੂੰ ਨਿੱਘ ਤੇਰਾ
ਪਰ ਹੋ ਰਿਹਾ ਮਹਿਸੂਸ ਹੁਣ
ਜਿਵੇਂ ਤੂੰ ਤੇ ਮੈਂ
ਸਿਰਫ ਦੋ ਗਿੱਲੀਆਂ ਲੱਕੜਾਂ ਦੇ ਟੋਟੇ
ਅੱਗ ਪੈਦਾ ਹੋ ਨਹੀਂ ਸਕਦੀ
ਜਿੰਨਾਂ ਦੇ ਮੇਲ ਤੋਂ।

## ਮੇਰਾ ਘਰ

ਦਿਨ ਕੱਟਣ ਲਈ ਨਹੀਂ, ਜੀਣ ਲਈ
ਮੈਨੂੰ ਇਕ ਘਰ ਦੀ ਲੋੜ ਸੀ
ਮੈਂ ਬਹੁਤ ਸਾਰੀ ਥਾਂ ਘੇਰ
ਮਕਾਨ ਉਸਾਰਨ ਲੱਗ ਪਈ
ਪਤਾ ਨਹੀਂ ਕਿਵੇਂ ਮੇਰਾ ਕਈ ਕੁਝ
ਉਸਦੀਆਂ ਨੀਹਾਂ ਵਿਚ ਭਰਿਆ ਗਿਆ
ਤੇ ਮੈਂ ਆਪ ਖਾਲੀ ਹੋ ਗਈ।
ਏਡੇ ਵੱਡੇ ਘਰ ਵਿਚ ਮੈਂ ਆਪ ਖਾਲੀ ਹਾਂ!
ਕਈ ਵਾਰ
ਪਤਾ ਨਹੀਂ ਕਿਸ ਬਾਰੀ ਥਾਣੀ ਲੰਘ ਕੇ
ਚਿੜੀ ਵਾਂਗ ਚੂਕਦਾ
ਤੇ ਖੰਭ ਫੜਫੜਾਉਂਦਾਂ 'ਅਤੀਤ'
ਘਰ ਵਿਚ ਘੁੰਮਦਾ ਹੈ
ਮੈਂ ਉਸਨੂੰ ਕਲਮ ਨਾਲ
ਮੇਜ਼ ਤੇ ਬੈਠਣ ਦਾ ਇਸ਼ਾਰਾ ਕਰਦੀ
ਵਰਤਮਾਨ ਦੇ ਕਾਗਜ਼ ਨੂੰ ਝਾੜਦੀ ਹਾਂ
ਜੋ ਉਹ ਬੋਲਦਾ ਹੈ ਇਸ ਉਤੇ ਲਿਖਦੀ ਹਾਂ
ਤੇ ਬਾਰ ਬਾਰ ਪੜਦੀ ਹਾਂ
ਏਸ ਘਰ ਵਿਚ, ਏਸ ਪੰਛੀ ਤੋਂ ਸਿਵਾ
ਮੇਰਾ ਕੋਈ ਵੀ ਦਰਦੀ ਨਹੀਂ।

## ਸਰਾਪ

ਥੱਕੀ ਉਦਾਸ ਸ਼ਾਮ ਆਈ
ਤੇ ਗੋਡਿਆਂ ਵਿਚ ਸਿਰ ਦੇਕੇ ਬੈਠ ਗਈ।
ਕਹਿਣ ਨੂੰ ਨਾ ਕੁਝ ਉਸ ਕੋਲ ਹੈ
ਨਾ ਮੇਰੇ ਕੋਲ।
ਫਾਲਤੂ ਹੋਣ ਦਾ ਚੁਭਦਾ ਅਹਿਸਾਸ
ਨਸਾਂ ਨਾਲ ਟਕਰਾਂਦਾ
ਤੇ ਮੇਰੇ ਹੀ ਸਾਮਰਾਜ 'ਚ ਮੈਨੂੰ
ਅਜਨਬੀ ਬਣਾ ਕੇ ਛੱਡ ਜਾਂਦਾ ਹੈ
ਇਸ ਤਰਾਂ ਅਕਸਰ ਹੀ ਹੁੰਦਾ ਹੈ।
ਉਦਾਸ ਇਕਲਾਪੇ ਦਾ ਭੰਵਰ
ਮੈਨੂੰ ਅਪਣੀਆਂ ਵਿਸ਼ਾਲ ਬਾਹਾਂ ਵਿਚ ਖਿੱਚ ਲੈਂਦਾ ਹੈ
ਤੇ ਸਮੁੰਦਰ ਵਿਚ ਕਿਨਾਰੇ ਡੁਬਣ ਲਗ ਜਾਂਦੇ ਨੇ!
ਧੁਰ ਅੰਦਰ ਦੀ ਲੜਾਈ ਵਿੱਚ
ਮੈਂ ਆਪ ਹੀ ਕਾਤਿਲ
ਤੇ ਆਪ ਹੀ ਮਕਤੂਲ ਹਾਂ
ਹਥਿਆਰ ਕਿਸ ਦੇ ਅੱਗੇ ਕੌਣ ਸੁੱਟੇ!
ਮੇਰੀ ਆਪਣੇ ਆਪ ਤੋਂ ਇਹ ਕੈਸੀ ਹਾਰ ਹੈ।
ਬੂਹੇ ਬਾਰੀਆਂ ਚੋਂ ਆਉਂਦਾ ਚਾਨਣ
ਜੋਤ ਤਾਂ ਨਹੀਂ
ਸਫੈਦ ਧੱਬੇ ਬਣਕੇ ਖਿਲਰ ਜਾਂਦਾ ਹੈ।
ਉਬਲਦੇ ਲਾਵੇ ਤੇ ਤੁਰਦੇ ਮੇਰੇ ਪੈਰ
ਚਿਰੰਜੀਵ ਹੋਣ ਦੀ ਕਾਮਨਾ ਕਰਦੇ
ਅਸੀਮ ਤਾਪ ਸਹਿ ਰਹੇ ਨੇ
ਮੇਰੀ ਸਰਾਪੀ ਰੂਹ
ਗ਼ਮ ਤੋਂ ਜੀਵਨ ਦਾ ਵਰਦਾਨ ਮੰਗਦੀ ਹੈ
ਪਰ ਜਾਪੇ, ਅਹੱਲਿਆ ਵਾਂਗ ਮੇਰੇ ਸਰਾਪ ਦੀ
ਉਮਰ ਅਜੇ ਬਹੁਤ ਲੰਮੀ ਹੈ!
(Toronto, Ontario)

# S&S Insurance SERVICES



ਹਰਦੇਵ ਗਿੱਲ 590-2058

**6679 MAIN STREET - 2nd FLOOR** (at 51st. Ave)
**VANCOUVER, B.C.**
TEL: 324-2311



ਦਲਜੀਤ ਸਿੱਧੂ 324-2311

**GET YOUR Autoplan AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ਼ ਕਰੋ। ਅਸੀਂ ਇਨਕੰਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***
- **UNDER INSURED MOTORIST PROTECTION**
- **INCOME REPLACEMENT**
- **LOSS OF USE**
- **FREE AUTOPLAN MOTORIST KIT**

***Income Tax Services also available***

ਪ੍ਰਿੰਸ ਰੂਪਰਟ, ਬੀ. ਸੀ. ਵਿੱਚ ਭਾਰਤੀ ਗਰੋਸਰੀ ਦੀ
ਇੱਕੋ ਇੱਕ ਦੁਕਾਨ

# ਜਟਾਣਾ ਐਂਟਰਪਰਾਈਜ਼ਜ਼

* ਭਾਰਤੀ ਗਰੋਸਰੀ
* ਕੈਸੈਟ ਟੇਪਾਂ
* ਸ਼ੋਭਾ ਸਿੰਘ ਦੇ ਚਿੱਤਰ
* ਕਿਰਪਾਨਾਂ
* ਛੇਤੀ ਹੀ ਵੀਡੀਓ ਟੇਪਾਂ ਕਿਰਾਏ ਤੇ ਦੇਣ ਦਾ ਇੰਤਜ਼ਾਮ ਵੀ ਕੀਤਾ ਜਾ ਰਿਹਾ ਹੈ

**627-7209**

**JATANA ENTERPRISES**
**1238 ALEXANDRA PLACE,**
PRINCE RUPERT

# ਪ੍ਰਮਾਣੂ ਬੰਬ ਅਤੇ ਵਿਸ਼ਵ-ਸ਼ਾਂਤੀ

ਦੇਵਿੰਦਰ ਸੇਖੋਂ

ਸ੍ਰਿਸ਼ਟੀ ਵਿੱਚ ਆਪਣੀ ਹੋਂਦ ਦੇ ਆਰੰਭ ਤੋਂ ਹੀ ਮਨੁੱਖ ਚਾਹੁੰਦੇ ਨਾ ਚਾਹੁੰਦੇ ਇੱਕ ਦੂਜੇ ਤੇ ਹਮਲੇ ਕਰਦਾ ਚਲਾ ਆ ਰਿਹਾ ਹੈ – ਇਹ ਹਮਲੇ ਭਾਵੇਂ ਉਸ ਆਪਣੀ ਸਵੈ-ਰੱਖਿਆ ਲਈ ਕੀਤੇ ਜਾਂ ਆਪਣੀ ਮਲਕੀਅਤ ਕਾਇਮ ਕਰਨ ਲਈ। ਲੜਾਈਆਂ ਅਤੇ ਭਿਆਨਕ ਜੰਗਾਂ ਵਿੱਚ ਲੱਖਾਂ ਹੀ ਮਾਸੂਮ ਜਾਨਾਂ, ਬਿਨਾਂ ਕਿਸੇ ਕਸੂਰ, ਮੌਤ ਦੇ ਘਾਟ ਉਤਾਰੀਆਂ ਗਈਆਂ। ਅਨੇਕਾਂ ਕਲੀਆਂ ਖਿੜਨ ਤੋਂ ਪਹਿਲਾਂ ਹੀ ਭਸਮ ਹੋ ਗਈਆਂ, ਕਈਆਂ ਦੇ ਸੁਹਾਗ ਲੁੱਟੇ ਗਏ ਤੇ ਲੱਖਾਂ ਬੱਚੇ ਯਤੀਮ ਤੇ ਬੇਘਰ ਹੋ ਗਏ।

ਭਾਵੇਂ ਇਹ ਜੰਗ ਬੜੇ ਹੀ ਭਿਆਨਕ ਸਨ, ਪਰ ਮਾਨੁੱਖ ਕੋਲ ਅਜੇ ਇੰਨੀ ਸ਼ਕਤੀ ਨਹੀਂ ਸੀ ਆਈ ਕਿ ਉਹ ਸਮੁੱਚੀ ਮਾਨੁੱਖਤਾ ਨੂੰ ਹੀ ਖ਼ਤਮ ਕਰ ਸਕੇ। ਪਰ ਅੱਜ ਮਨੁੱਖ ਦੇ ਕੋਲ ਇਹ ਸ਼ਕਤੀ ਵੀ ਹੈ ਕਿ ਉਹ ਆਪਣੇ ਦਫ਼ਤਰ ਵਿੱਚ ਬੈਠਾ ਹੀ, ਬਟਨ ਦੱਬ ਕੇ ਸਾਰੀ ਦੁਨੀਆਂ ਦਾ ਨਾਸ਼ ਕਰ ਸਕੇ। ਅਮਰੀਕਾ ਅਤੇ ਰੂਸ, ਇਕੱਲੇ ਇਕੱਲੇ ਕੋਲ ਇੰਨੇ ਹਥਿਆਰ ਹਨ ਕਿ ਉਹ ਸਾਰੀ ਦੁਨੀਆਂ ਨੂੰ ਕਈ ਕਈ ਵਾਰ ਖ਼ਤਮ ਕਰ ਸਕਦੇ ਹਨ। ਵਿਸ਼ਵ ਵਿਨਾਸ਼ ਦਾ ਜਿੰਨਾ ਖ਼ਤਰਾ ਅੱਜ ਹੈ, ਉਨਾਂ ਪਹਿਲਾਂ ਕਦੇ ਵੀ ਨਹੀਂ ਸੀ। ਲੈਬਨਾਨ ਜਾਂ ਮੱਧ ਅਮਰੀਕੀ (Central American) ਦੇਸ਼ ਜਾਂ ਕਈ ਹੋਰ ਦੇਸ਼ਾਂ ਵਿੱਚ ਹੋ ਰਹੀ ਰਾਜਨੀਤਕ ਉੱਥਲ-ਪੁੱਥਲ ਕਿਸੇ ਵੇਲੇ ਵੀ ਸੰਸਾਰ-ਯੁੱਧ ਦਾ ਕਾਰਣ ਬਣ ਸਕਦੀ ਹੈ – ਕਿਸੇ ਵੇਲੇ ਵੀ ਦੁਨੀਆਂ ਤਬਾਹੀ ਦੇ ਸਮੁੰਦਰ ਵਿੱਚ ਧੱਕੀ ਜਾ ਸਕਦੀ ਹੈ। ਤੇ ਇਹ ਵਿਸ਼ਵ ਯੁੱਧ ਜਦੋਂ ਵੀ ਸ਼ੁਰੂ ਹੋਇਆ, ਬੱਸ ਆਖ਼ਰੀ ਹੀ ਹੋਵੇਗਾ। ਇਸ ਤੋਂ ਬਾਅਦ ਇਸ ਧਰਤੀ ਤੇ ਕਿਸੇ ਪ੍ਰਕਾਰ ਦੀ ਵੀ ਜੂਨ ਸ਼ੁਰੂ ਹੋਣ ਨੂੰ ਲੱਖਾਂ ਸਾਲ ਲੱਗ ਜਾਣਗੇ।

ਇਹ ਗੱਲ ਵੀ ਧਿਆਨ ਯੋਗ ਹੈ ਕਿ ਯੁੱਧ ਕੰਪਿਊਟਰਾਂ ਦੀ ਗ਼ਲਤੀ ਜਾਂ ਮਨੁੱਖੀ ਗ਼ਲਤੀ ਕਰਕੇ ਵੀ ਸ਼ੁਰੂ ਹੋ ਸਕਦਾ ਹੈ – ਜ਼ਰੂਰੀ ਨਹੀਂ ਕਿ ਇਸਦਾ ਕੋਈ ਕਾਰਣ ਹੀ ਹੋਵੇ। ਅਜੇ ਦੋ ਤਿੰਨ ਸਾਲ ਪਹਿਲਾਂ ਹੀ ਅਮਰੀਕਾ ਵਿੱਚ ਕੰਪਿਊਟਰਾਂ ਨੇ ਗ਼ਲਤ ਵਾਰਨਿੰਗ ਦੇ ਦਿੱਤੀ ਸੀ ਕਿ ਰੂਸ ਨੇ ਮਿਸਲਾਂ (Missiles) ਨਾਲ ਅਮਰੀਕਾ 'ਤੇ ਹੱਲਾ ਬੋਲ ਦਿੱਤਾ ਹੈ। ਜੇ ਕੰਪਿਊਟਰ ਦੀ ਗ਼ਲਤੀ ਦਾ ਛੇਤੀ ਹੀ ਪਤਾ ਨਾ ਲੱਗ ਜਾਂਦਾ ਤਾਂ ਜ਼ਰੂਰੀ ਸੀ ਕਿ ਅਮਰੀਕਾ ਸੱਚਮੁਚ ਹੀ ਰੂਸ 'ਤੇ ਹੱਲਾ ਬੋਲ ਦਿੰਦਾ, ਉਸ ਤੋਂ ਬਾਅਦ ਦਾ ਅੰਦਾਜ਼ਾ ਤੁਸੀਂ ਲਗਾ ਸਕਦੇ ਹੋ ਪਰ ਉਦੋਂ ਨਹੀਂ ਲਾ ਸਕਣਾ ਸੀ। ਉਂਝ ਜਦ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਲੀਡਰਾਂ ਵਿੱਚ ਪ੍ਰਧਾਨ ਰੇਗਨ ਵਰਗੇ ਵੀ ਹੋਣ ਤਾਂ ਸ਼ਾਇਦ ਕੰਪਿਊਟਰਾਂ ਨੂੰ ਗ਼ਲਤੀ ਕਰਨ ਦੀ ਲੋੜ ਹੀ ਨਾ ਪਏ ਤੇ ਉਹ ਉਂਝ ਹੀ ਵਰਤੇ ਜਾਣ। ਇਕ ਮਹੀਨਾ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਰੇਗਨ ਨੇ ਕਿਹਾ ਸੀ ਕਿ "ਮੈਨੂੰ ਇਉਂ ਲਗਦਾ ਹੈ ਕਿ ਬਾਈਬਲ ਦੀ ਭਵਿੱਖ ਬਾਣੀ ਸੱਚੀ ਹੋਣ ਦਾ ਸਮਾਂ ਆ ਗਿਆ ਹੈ। ਬਾਈਬਲ ਅਨੁਸਾਰ ਵੀਹਵੀਂ ਸਦੀ ਦੇ ਅਖ਼ੀਰ ਜਾਂ ਇੱਕੀਵੀਂ ਸਦੀ ਦੇ ਸ਼ੁਰੂ ਵਿੱਚ ਦੁਨੀਆਂ ਦਾ ਅੰਤ ਹੋ ਜਾਣਾ ਹੈ। ਜਦ ਇੰਨੇ ਸ਼ਕਤੀਸ਼ਾਲੀ ਲੀਡਰ ਇਉਂ ਸੋਚਣ ਲੱਗ ਪੈਣ ਤਾਂ ਫਿਰ ਕਸਰ ਕੀ ਰਹਿ ਜਾਂਦੀ ਹੈ? ਪਰਧਾਨ ਰੇਗਨ ਨੇ ਹੋਰ ਵੀ ਕਰੜੇ ਪਰਮਾਣੂ ਹਥਿਆਰ ਬਣਾਉਣ ਲਈ ਕਾਂਗਰਸ ਨੂੰ ਮਨਜ਼ੂਰੀ ਵਾਸਤੇ ਲਿਖਿਆ ਹੈ। ਇਹ ਹਥਿਆਰ ਆਖ਼ਰ ਤਾਂ ਵਰਤੇ ਹੀ ਜਾਣਗੇ – ਜਾਣ ਬੁੱਝ ਕੇ ਜਾਂ ਹਾਦਸੇ ਕਰਕੇ!

ਪ੍ਰਮਾਣੂ ਹਥਿਆਰਾਂ (Atomic Weapons) ਦੀ ਮਾਰੂ ਸ਼ਕਤੀ ਦਾ ਵਿਗਿਆਨ ਦੇ ਪੱਖੋਂ ਕੀ ਆਧਾਰ ਹੈ? ਇਸ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ। ਪ੍ਰਮਾਣੂ ਬੰਬ ਦਾ ਬੀਜ 2 ਦਸੰਬਰ 1942 ਨੂੰ ਬੀਜਿਆ ਗਿਆ ਜਦ ਕਿ ਸ਼ਿਕਾਗੋ ਯੂਨੀਵਰਸਿਟੀ ਵਿੱਚ ਵਿਗਿਆਨੀ ਐਨਰਿਕੋ ਫਰਮੀ* ਤੇ ਉਸਦੇ ਸਾਥੀ ਯੂਰੇਨੀਅਮ ਦੇ ਪ੍ਰਮਾਣੂ (Atom) ਦੇ ਨੁਕਲੀਅਸ (Nucleus) ਨੂੰ ਦੋ ਹਿੱਸਿਆਂ ਵਿੱਚ ਤੋੜਨ ਵਿੱਚ ਸਫ਼ਲ ਹੋ ਗਏ। ਪ੍ਰਮਾਣੂ ਦੇ ਨੁਕਲੀਅਸ ਦਾ ਦੋ ਹਿੱਸਿਆਂ ਵਿੱਚ ਵੰਡੇ ਜਾਣਾ ਹੀ ਬੰਬ ਦਾ ਸਿਧਾਂਤ ਹੈ:

$$U^{235} + n^{1} \longrightarrow Ba^{142} + Kr^{91} + 3n^{1}$$

(U = ਯੂਰੇਨੀਅਮ, n = ਨਿਊਟ੍ਰੌਨ, Ba = ਬੇਰੀਅਮ Kr = ਕ੍ਰੋਮੀਅਮ)

ਜਦ ਯੂਰੇਨੀਅਮ ਦਾ ਪ੍ਰਮਾਣੂ ਉਪਰ ਲਿਖੇ ਸਮੀਕਰਣ ਅਨੁਸਾਰ ਦੋ ਭਾਗਾਂ ਵਿੱਚ ਟੁੱਟ ਜਾਂਦਾ ਹੈ ਤਾਂ ਨਵੇਂ ਪ੍ਰਮਾਣੂਆਂ ਦਾ ਜੁੜਵਾਂ ਭਾਰ ਯੂਰੇਨੀਅਮ ਦੇ ਪ੍ਰਮਾਣੂ ਨਾਲੋਂ ਥੋੜ੍ਹਾ ਘੱਟ ਹੁੰਦਾ ਹੈ। ਭਾਰ ਵਿੱਚ ਇਹ ਅੰਤਰ ਹੇਠ ਲਿਖੇ ਸਮੀਕਰਣ ਅਨੁਸਾਰ ਊਰਜਾ (Energy) ਵਿੱਚ ਬਦਲ ਜਾਂਦਾ ਹੈ:

$$ENERGY = mC^2$$

ਇਸ ਸਮੀਕਰਣ ਵਿੱਚ 'm' ਪਦਾਰਥ ਦੀ ਉਹ ਮਾਤਰਾ ਹੈ ਜੋ ਊਰਜਾ ਵਿੱਚ ਬਦਲ ਜਾਂਦੀ ਹੈ ਅਤੇ 'C' ਪ੍ਰਕਾਸ਼ ਦੀ ਗਤੀ ($3 \times 10^8$ ਮੀਟਰ ਪ੍ਰਤੀ ਸੈਕਿੰਡ) ਹੈ। ਜੇਕਰ ਇੱਕ ਮਿੱਲੀਗਰਾਮ (ਗਰਾਮ ਦਾ ਹਜ਼ਾਰਵਾਂ ਹਿੱਸਾ) ਪਦਾਰਥ ਊਰਜਾ ਵਿੱਚ ਬਦਲੇ ਤਾਂ ੯੦ ਅਰਬ (90,000,000,000) ਜੂਲ ਊਰਜਾ ਉਪਜਦੀ ਹੈ। ਊਰਜਾ ਦੀ ਇਹ ਬਹੁਤ ਹੀ ਵੱਡੀ ਮਾਤਰਾ ਹੈ। ਇਸਨੂੰ ਮਨੁੱਖ ਦੀ ਭਲਾਈ ਵਾਸਤੇ ਵੀ ਵਰਤਿਆ ਜਾ ਸਕਦਾ ਹੈ, ਤਬਾਹੀ ਵਾਸਤੇ ਵੀ!

* ਇਹ ਕਥਨ ENCYCLOPAEDIA WORLD BOOK SERIES (VOL. A & N) ਵਿੱਚੋਂ ਲਿਆ ਗਿਆ ਹੈ। RONALD W. CLARK ਦੀ ਪੁਸਤਕ EINSTEIN – THE LIFE & TIMES (1971, ਸਫ਼ਾ 544) ਅਨੁਸਾਰ ਯੂਰੇਨੀਅਮ ਪ੍ਰਮਾਣੂ ਦੇ ਨੁਕਲੀਅਸ ਨੂੰ ਪਹਿਲੀ ਵਾਰ ਦੋ ਭਾਗਾਂ ਵਿੱਚ ਆਈਨਸਟਾਈਨ ਦੇ ਮਿੱਤਰ OTTO HAHN ਨੇ KAISER WILHELM ਵਿਖੇ 1938 ਵਿੱਚ ਤੋੜਿਆ ਸੀ।

ਅਮਰੀਕਾ ਨੇ ਪਹਿਲਾ ਪ੍ਰਮਾਣੂ ਬੰਬ 16 ਜੁਲਾਈ 1945 ਨੂੰ ਨਿਊ ਮੈਕਸੀਕੋ ਸਟੇਟ ਵਿੱਚ ਐਲਮੋਗਾਰਡੋ (ALAMOGORDO) ਵਿਖੇ ਪਰਖਿਆ ਸੀ। ਇਸ ਬੰਬ ਦੀ ਮਾਰੂ ਸ਼ਕਤੀ 17000ਟਨ ਟੀ. ਐੱਨ ਟੀ. (T.N.T.) ਦੇ ਬਰਾਬਰ ਸੀ। ਜਦ ਇਹ ਫਟਿਆ ਇਸ ਅੱਗ ਦੇ ਗੋਲੇ ਦਾ ਚਾਨਣ 180 ਮੀਲ ਤੱਕ ਵੇਖਿਆ ਗਿਆ ਤੇ ਇਸ ਦਾ ਤਾਪਮਾਨ ਲੱਗ ਭੱਗ ਉਨਾਂ ਹੀ ਸੀ ਜਿੰਨਾ ਸੂਰਜ ਦੇ ਕੇਂਦਰ ਦਾ, ਭਾਵ ਲੱਖਾਂ ਦਰਜੇ ਸੈਂਟੀਗਰੇਡ। ਇਸ ਦੇ ਸੇਕ ਨਾਲ ਹੀ ਮੀਲਾਂ ਤੱਕ ਚੀਜ਼ਾਂ ਝੁਲਸ ਜਾਂਦੀਆਂ ਹਨ ਤੇ ਹਵਾ ਦੇ ਫੈਲਣ ਨਾਲ ਜੋ ਦਬਾਅ (PRESSURE) ਪੈਦਾ ਹੁੰਦਾ ਹੈ ਉਹ ਮੀਲਾਂ ਤੱਕ ਇਮਾਰਤਾਂ ਨੂੰ ਮਲੀਆ ਮੇਟ ਕਰ ਦਿੰਦਾ ਹੈ। ਇਹ ਤਬਾਹੀ ਇੱਥੇ ਹੀ ਖ਼ਤਮ ਨਹੀਂ ਹੋ ਜਾਂਦੀ। ਹਾਨੀਕਾਰਕ ਅਣਦਿਸਦੀਆਂ ਪ੍ਰਕਾਸ਼ ਕਿਰਨਾਂ (INVISIBLE RAYS, like γ- rays) ਦਾ ਮਾਰੂ ਅਸਰ ਬਾਅਦ ਤੱਕ ਵੀ ਰਹਿੰਦਾ ਹੈ। ਕਈ ਵਾਰ ਇਹ ਮਾਰੂ ਅਸਰ ਕਈ ਕਈ ਦਿਨਾਂ, ਹਫ਼ਤਿਆਂ, ਮਹੀਨਿਆਂ ਜਾਂ ਸਾਲਾਂ ਬਾਅਦ ਵੀ ਪਰਗਟ ਹੋ ਆਉਂਦਾ ਹੈ।

ਜਦ 6 ਅਗਸਤ 1945 ਨੂੰ ਅਮਰੀਕਾ ਨੇ LITTLE BOY ਨਾਂ ਦਾ ਪ੍ਰਮਾਣੂ ਬੰਬ ਜਪਾਨ ਦੇ ਸ਼ਹਿਰ ਹੀਰੋ-ਸ਼ੀਮਾ 'ਤੇ ਸੁੱਟਿਆ ਤਾਂ ਅੱਧ ਮੀਲ ਅਰਧ-ਵਿਆਸ (RADIUS) ਦੇ ਦਾਇਰੇ ਵਿੱਚ ਕੁਝ ਇਕ ਇਮਾਰਤਾਂ ਨੂੰ ਛੱਡ ਕੇ, ਬਾਕੀ ਸਭ ਢਹਿ ਢੇਰੀ ਹੋ ਗਈਆਂ। ਇੱਕ ਮੀਲ ਅਰਧ-ਵਿਆਸ ਦੇ ਦਾਇਰੇ ਵਿੱਚ ਇੱਕ ਫੁੱਟ ਚੌੜੀਆਂ ਇੱਟਾਂ ਦੀਆਂ ਇਮਾਰਤਾਂ ਵਿੱਚ ਪਾੜੇ ਪੈ ਗਏ ਤੇ ਦੋ-ਦੋ ਮੀਲ ਤੱਕ ਵੀ ਕਾਫ਼ੀ ਨੁਕਸਾਨ ਹੋਇਆ। 92000 ਆਦਮੀ ਮਾਰੇ ਗਏ ਜਾਂ ਲਾ ਪਤਾ ਸਨ। ਇਸ ਬੰਬ ਦਾ ਭਾਰ 4100 ਕਿਲੋਗਰਾਮ ਸੀ ਤੇ ਇਸਦੀ ਮਾਰੂ ਸ਼ਕਤੀ 11800 ਟੀ. ਐੱਨ. ਟੀ. ਦੇ ਬਰਾਬਰ।

ਇਸ ਤੋਂ ਤਿੰਨ ਦਿਨ ਬਾਅਦ FAT MAN ਨਾਂ ਦਾ ਪ੍ਰਮਾਣੂ ਬੰਬ ਨਾਗਾਸਾਕੀ ਸ਼ਹਿਰ 'ਤੇ ਸੁੱਟਿਆ ਗਿਆ। ਇਸ ਦਾ ਭਾਰ 4500 ਕਿਲੋਗਰਾਮ ਸੀ ਤੇ ਇਸ ਨਾਲ 40000 ਬੰਦੇ ਮਰੇ। ਇੱਥੇ ਹੀ ਬੱਸ ਨਹੀਂ, ਇਹਨਾਂ ਬੰਬਾਂ ਦੇ ਪਿਛਲੇਰੇ ਪ੍ਰਭਾਵ (After effects) ਮਨੁੱਖਤਾ ਦੇ ਮੱਥੇ 'ਤੇ ਡੂੰਘੇ ਸ਼ਰਮਨਾਕ ਦਾਗ਼ ਛੱਡ ਗਏ। ਅਜੇ ਤੱਕ ਜਨਮ ਲੈਣ ਵਾਲੇ ਕਈ ਬੱਚਿਆਂ ਦੇ ਅੰਗ ਵੱਖ ਵੱਖ ਤਰ੍ਹਾਂ ਨਾਲ ਗ੍ਰਹਿਣੇ ਹੁੰਦੇ ਹਨ।

ਪਰ 1980-ਵਿਆਂ ਦੇ ਮੁਕਾਬਲੇ ਤਾਂ ਇਹ ਬੰਬ ਖਿਡਾਉਣੇ ਬਣ ਕੇ ਹੀ ਰਹਿ ਗਏ ਹਨ। ਹਾਈਡਰੋਜਨ ਬੰਬ ਜਿਹੜਾ ਕਿ ਅਮਰੀਕਾ ਨੇ 1954 ਵਿੱਚ ਹੀ ਤਿਆਰ ਕਰ ਲਿਆ ਸੀ, LITTLE BOY ਨਾਲੋਂ 1145 ਗੁਣਾਂ ਸ਼ਕਤੀਸ਼ਾਲੀ ਸੀ। ਜਦ ਇਹ ਸ਼ਾਂਤ-ਮਹਾਂ-ਸਾਗਰ ਵਿੱਚ ਪਰਖਿਆ ਗਿਆ ਤਾਂ ਇਸਦੇ ਧਮਾਕੇ ਨਾਲ ਅੱਗ ਦਾ ਜੋ ਗੋਲਾ ਪੈਦਾ ਹੋਇਆ ਉਸਦਾ ਵਿਆਸ (DIAMETER) ਸਾਢੇ ਤਿੰਨ ਮੀਲ ਸੀ ਤੇ ਇਸਦੀ ਮਾਰੂ ਸ਼ਕਤੀ 13500000 ਟਨ ਟੀ. ਐੱਨ. ਟੀ. ਦੇ ਬਰਾਬਰ। ਇਹ ਨਿਊਯਾਰਕ ਵਰਗੇ ਦਸ ਬਾਰਾਂ ਸ਼ਹਿਰਾਂ ਦਾ ਸਫ਼ਾਇਆ ਕਰ ਸਕਦਾ ਸੀ। ਅੱਜ ਦੇ ਬੰਬ ਇਸ ਨਾਲੋਂ ਵੀ ਸ਼ਕਤੀਸ਼ਾਲੀ ਹਨ। ਇਸ ਤੋਂ ਛੁੱਟ ਅਮਰੀਕਾ ਤੇ ਰੂਸ ਦੋਵਾਂ ਕੋਲ ਅਜਿਹੀਆਂ ਮਿਸਲਾਂ (MISSILES) ਹਨ ਜੋ ਬਾਰਾਂ ਹਜ਼ਾਰ ਕਿਲੋਮੀਟਰ ਤੋਂ ਵੀ ਜ਼ਿਆਦਾ ਦੂਰ ਤੱਕ ਪਹੁੰਚ ਸਕਦੀਆਂ ਹਨ ਅਤੇ ਇਕੱਲੀਆਂ ਇਕੱਲੀਆਂ ਕਈ ਕਈ ਹਾਈਡਰੋਜਨ ਬੰਬ ਵੱਖ ਵੱਖ ਨਿਸ਼ਾਨਿਆਂ 'ਤੇ ਸੁੱਟ ਸਕਦੀਆਂ ਹਨ। ਇਹਨਾਂ ਹਥਿਆਰਾਂ ਨਾਲ ਦੁਨੀਆਂ ਦਾ ਅੰਤ ਪਲਾਂ ਵਿੱਚ ਹੀ ਕੀਤਾ ਜਾ ਸਕਦਾ ਹੈ।

ਇਹਨਾਂ ਹਥਿਆਰਾਂ ਦੇ ਹੁੰਦਿਆਂ ਅਤੇ ਵਰਤਮਾਨ ਹਾਲਾਤਾਂ ਨੂੰ ਵਾਚਦਿਆਂ ਸਿਰਫ਼ ਸਾਰੀ ਮਨੁੱਖਤਾ ਦੇ ਸਾਂਝੇ ਯਤਨ ਹੀ ਮਾਨਵ ਜਾਤੀ ਨੂੰ ਤਬਾਹੀ ਤੋਂ ਬਚਾ ਸਕਦੇ ਹਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਸ ਤੇਜ਼ ਗਤੀ ਨਾਲ ਦੌੜੀ ਆ ਰਹੀ ਪਰਲੋ ਦੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰੀਏ। ਜਿੱਥੇ ਵੀ ਅਸੀਂ ਹਾਂ, ਉਥੋਂ ਦੀਆਂ ਜਥੇਬੰਦੀਆਂ, ਜੋ ਪ੍ਰਮਾਣੂ ਹਥਿਆਰਾਂ ਦੇ ਖਿਲਾਫ਼ ਆਵਾਜ਼ ਉਠਾ ਰਹੀਆਂ ਹਨ, ਨਾਲ ਸੰਪਰਕ ਪੈਦਾ ਕਰਕੇ, ਉਹਨਾਂ ਨਾਲ ਆਵਾਜ਼ ਸਾਂਝੀ ਕਰੀਏ। ਜਿੱਥੇ ਅਜਿਹੀਆਂ ਸੰਸਥਾਵਾਂ ਨਹੀਂ ਹਨ, ਉੱਥੇ ਨਵੀਆਂ ਸਥਾਪਤ ਕਰੀਏ। ਹਰ ਹਾਲਤ ਵਿੱਚ ਸਾਨੂੰ ਕੁਦਰਤ ਦੀ ਖੂਬਸੂਰਤ ਰਚਨਾ ਨੂੰ ਤਬਾਹੀ ਤੋਂ ਬਚਾਉਣ ਚਾਹੀਦਾ ਹੈ। ਇਹ ਮਸਲਾ ਸਿਰਫ਼ ਅਮਰੀਕਾ ਜਾਂ ਰੂਸ ਦਾ ਹੀ ਨਹੀਂ ਹੈ, ਇਹ ਸਾਰੀ ਦੁਨੀਆਂ ਦਾ ਹੈ। ਹੁਣ ਤੇ ਹੋਰ ਵੀ ਬਹੁਤ ਸਾਰੇ ਮੁਲਕ ਪ੍ਰਮਾਣੂ ਹਥਿਆਰ ਬਣਾ ਚੁੱਕੇ ਹਨ ਅਤੇ ਜਿਹਨਾਂ ਕੋਲ ਨਹੀਂ ਉਹ ਹਰ ਹੀਲੇ ਪ੍ਰਾਪਤ ਕਰਨਾ ਚਾਹੁੰਦੇ ਹਨ। ਸਾਨੂੰ ਪ੍ਰਮਾਣੂ ਹਥਿਆਰਾਂ ਨੂੰ ਘਟਾਉਣ ਦੇ ਹਰ ਸੁਹਿਰਦ ਅਤੇ ਸੰਜੀਦਾ ਯਤਨ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਪਰ ਨਾਲ ਹੀ ਅਮਰੀਕਨ ਮਿਸਲਾਂ ਨੂੰ ਕੈਨੇਡਾ ਵਿੱਚ ਪਰਖਣ ਦੀ ਮਾਨਵ-ਵਿਰੋਧੀ ਯੋਜਨਾ ਦੀ ਨਿਖੇਧੀ ਕਰਨੀ ਚਾਹੀਦੀ ਹੈ।

ਇੱਕ ਹੋਰ ਗੱਲ ਦੀ ਸਪੱਸ਼ਟ ਕਰਨੀ ਜ਼ਰੂਰੀ ਹੈ। ਆਮ ਤੌਰ ਤੇ ਮਾਰੂ ਹਥਿਆਰ ਬਣਾਉਣ ਲਈ ਵਿਗਿਆਨੀਆਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਪਰ ਇਹ ਅਜਿਹਾ ਨਹੀਂ। ਵਿਗਿਆਨੀ ਇਹ ਕਾਢਾਂ ਮਨੁੱਖਤਾ ਦੀ ਭਲਾਈ ਲਈ, ਜ਼ਿੰਦਗੀ ਨੂੰ ਸੌਖਾ ਤੇ ਅਨੰਦਮਈ ਬਣਾਉਣ ਲਈ ਜਾਂ ਉਂਜ ਹੀ ਕੁਦਰਤ ਦੇ ਚਮਤਕਾਰ ਉਘਾੜਨ ਲਈ ਕੱਢਦੇ ਹਨ। ਇਹ ਲੀਡਰ ਹੀ ਹਨ ਜੋ ਵਿਗਿਆਨੀਆਂ ਨੂੰ ਇਹਨਾਂ ਕਾਢਾਂ ਦੀ ਦੁਰਵਰਤੋਂ ਕਰਨ 'ਤੇ ਮਜਬੂਰ ਕਰਦੇ ਹਨ। ਵਿਗਿਆਨੀ ਕਾਢਾਂ ਦੀ ਦੁਰਵਰਤੋਂ ਵੇਖ ਕੇ ਆਪ ਬਹੁਤ ਦੁਖੀ ਹੁੰਦੇ ਹਨ ਪਰ ਕਰ ਕੁਝ ਨਹੀਂ ਸਕਦੇ। ਵਿਗਿਆਨੀਆਂ ਦੇ ਵੱਸ ਹੋਵੇ ਤਾਂ ਉਹ ਪ੍ਰਮਾਣੂ ਸ਼ਕਤੀ ਨੂੰ ਸਿਰਫ਼ ਬਿਜਲੀ ਬਣਾਉਣ, ਕੁਝ ਬੀਮਾਰੀਆਂ ਦਾ ਇਲਾਜ ਕਰਨ ਅਤੇ ਜਹਾਜ਼ ਚਲਾਉਣ ਵਰਗੇ ਕੰਮਾਂ ਲਈ ਹੀ ਵਰਤਣ। ਪ੍ਰਮਾਣੂ ਧਮਾਕੇ ਨਾਲ ਜੋ ਗਰਮੀ ਪੈਦਾ ਹੁੰਦੀ ਹੈ ਉਸਨੂੰ ਭਾਫ਼ ਪੈਦਾ ਕਰਨ ਲਈ ਵਰਤਿਆ ਜਾ ਸਕਦਾ ਹੈ ਜਿਸਤੋਂ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ ਜਾਂ ਕਈ ਹੋਰ ਕੰਮ ਲਏ ਜਾ ਸਕਦੇ ਹਨ। ਆਉ ਸਾਰੇ ਰਲਕੇ ਪ੍ਰਮਾਣੂ ਸ਼ਕਤੀ ਨੂੰ ਕੇਵਲ ਮਾਨਵ ਭਲਾਈ ਲਈ ਹੀ ਵਰਤੇ ਜਾਣ ਲਈ ਜ਼ੋਰ ਲਾਈਏ ਅਤੇ ਸਰਕਾਰਾਂ ਉੱਤੇ ਵੱਧ ਤੋਂ ਵੱਧ ਦਬਾਅ ਪਾਈਏ ਕਿ ਉਹ ਪ੍ਰਮਾਣੂ ਹਥਿਆਰਾਂ ਨੂੰ ਨਸ਼ਟ ਕਰ ਦੇਣ। ● (GRANDE PRAIRIE, ALBERTA).

(ਨੋਟ: ਜੇ ਪਾਠਕਾਂ ਵੱਲੋਂ ਦਿਲਚਸਪੀ ਜ਼ਾਹਰ ਕੀਤੀ ਗਈ ਤਾਂ ਲੇਖਕ ਨੂੰ ਪ੍ਰਮਾਣੂ ਸ਼ਕਤੀ ਦੇ ਵਿਗਿਆਨਕ ਪਹਿਲੂ 'ਤੇ ਵਧੇਰੇ ਵਿਸਥਾਰ ਨਾਲ ਲੇਖ ਲਿਖਣ ਦੀ ਬੇਨਤੀ ਕੀਤੀ ਜਾ ਸਕਦੀ ਹੈ।)

# ਅੱਗੇ ਵਧ ਰਹੇ ਹਿੰਦੁਸਤਾਨੀ ਅਤੇ ਕੈਨੇਡੀਅਨ ਕਮਿਊਨਿਸਟ ਇਨਕਲਾਬੀਆਂ 'ਤੇ ਇੱਕ ਝਾਤ

ਦੀਪ ਸਿੰਘ

ਹਿੰਦੁਸਤਾਨ ਦੀ ਬੁਰਜੂਆ ਜਮਾਤ ਦੀ ਚੌਕੜੀ ਵਿਚਲੇ ਲੁਟੇਰੇ, ਮਿਹਨਤਕਸ਼ਾਂ ਦੀ ਲੁਟ ਕਰਾਉਣ ਵਾਲੇ ਵਸੀਲਿਆਂ ਉੱਪਰ ਆਪਣਾ ਅਧਿਕਾਰ ਜਮਾਉਣ ਜਾਂ ਬਰਕਰਾਰ ਰੱਖਣ ਲਈ, ਇਸ ਕੰਮ ਉਪਰ ਭੋਲੇ ਭਾਲੇ ਲੋਕਾਂ ਨੂੰ ਵਰਤ ਰਹੇ ਹਨ। ਜਿਸ ਦੁਆਰਾ ਤਰ੍ਹਾਂ ਤਰ੍ਹਾਂ ਦੇ ਛੱਡੇ ਜਾਂਦੇ ਸ਼ੋਸ਼ਿਆਂ ਵਿੱਚ ਆਮ ਲੋਕਾਂ ਦਾ ਕਚੂਮਰ ਨਿਕਲ ਰਿਹਾ ਹੈ। ਲੋਕ ਇਨ੍ਹਾਂ ਦੀਆਂ ਵੰਨ ਸੁਵੰਨੀਆਂ ਸਰਕਾਰਾਂ (ਜਿਨ੍ਹਾਂ ਸਭਨਾਂ ਦਾ ਅਸਲੀ ਮਕਸਦ ਸਿਰਫ਼ ਮਿਹਨਤਕਸ਼ਾਂ ਦੀ ਲੁੱਟ ਕਰਨਾ ਹੀ ਹੈ) ਵਿੱਚ ਨੀਲੇ-ਚਿੱਟੇ ਪਗੜਿਆਂ ਵਿੱਚ ਬੈਠੇ ਰਾਖਸ਼ਾਂ ਦੇ ਜ਼ੁਲਮ ਦੀ ਮਾਰ ਤੋਂ ਘਬਰਾਏ ਹੋਏ ਹੋਣ ਕਰਕੇ ਜਿਧਰੋਂ ਵੀ ਕਿਧਰੇ ਆਪਣੇ ਪੱਖ ਦੀ ਆਵਾਜ਼ ਵਜਦੀ ਹੋਵੇ ਉੱਧਰ ਭੱਜ ਤੁਰਦੇ ਹਨ। ਇਹ ਲੁਟੇਰੇ ਇੱਕ ਪਾਸਿਓਂ ਬਦਨਾਮ ਹੋਣ ਦੇ ਬਾਅਦ ਕੋਈ ਹੋਰ ਰੰਗ ਬਦਲ ਲੈਂਦੇ ਹਨ ਜਾਂ ਸ਼ੋਸ਼ਾ ਛੱਡ ਦਿੰਦੇ ਹਨ ਜਿਸ ਮਗਰ ਲੋਕ ਅੰਨ੍ਹੇ-ਵਾਹ ਧੂੰਸ ਦੇ ਕੇ ਭੱਜ ਤੁਰਦੇ ਹਨ। ਇਸ ਦੌੜ ਭੱਜ ਅਤੇ ਖਿੱਚੋਤਾਣ ਵਿੱਚ ਹੋਏ ਖ਼ੂਨ ਖਰਾਬੇ ਦੇ ਵਿੱਚੋਂ ਲੋਟੂਆਂ ਦਾ ਇੱਕ ਟੋਲਾ ਦੂਜੇ ਟੋਲੇ ਨੂੰ ਮਜ਼ਬੂਰ ਕਰਕੇ, ਪਿੱਛੇ ਹਟਾ ਕੇ, ਉਨ੍ਹਾਂ ਲੁੱਟ ਦੇ ਵਸੀਲਿਆਂ ਉਪਰ ਕਾਬਜ਼ ਹੋ ਕੇ, ਉਠਾਏ ਗਏ ਮਸਲਿਆਂ ਨੂੰ ਵਾਪਸ ਲੈ ਲੈਂਦਾ ਹੈ ਅਤੇ ਲੋਕਾਂ ਨੂੰ ਕਹਿੰਦਾ ਹੈ ਕਿ ਘਰ ਬੈਠਕੇ ਉਡੀਕ ਕਰੋ, ਅਸੀਂ ਤੁਹਾਡੇ ਲਈ ਕੁਝ ਕਰਾਂਗੇ। ਕਈ ਵਾਰ ਲੋਕ ਬੜੇ ਜ਼ੋਰ ਨਾਲ ਇਹਨਾਂ ਮਗਰ ਹੋ ਜਾਂਦੇ ਹਨ ਪਰ ਇਨ੍ਹਾਂ ਲੁਟੇਰਿਆਂ ਦੇ ਇੱਕ ਦਮ ਆਪਣਾ ਮਸਲਾ ਹੱਲ ਕਰਕੇ ਛਪਨ ਹੋਣ ਮਗਰੋਂ – ਜਾਂ ਕੋਈ ਵਧੀਆ ਲੀਡਰਸ਼ਿੱਪ ਦੀ ਘਾਟ ਕਾਰਨ ਮਾਯੂਸ ਹੋ ਕੇ ਪਿੱਛੇ ਹਟ ਜਾਂਦੇ ਹਨ। ਇਹੋ ਉਤਰਾਅ-ਚੜ੍ਹਾਅ ਪਿਛਲੇ ਪੈਂਤੀ ਛੱਤੀ ਸਾਲਾਂ ਤੋਂ ਚਲਿਆ ਆ ਰਿਹਾ। ਹਜ਼ਾਰਾਂ ਲੋਕਾਂ ਦਾ ਖ਼ੂਨ ਵਹਿ ਚੁੱਕਿਆ ਹੈ ਅਤੇ ਅਜੇ ਪਤਾ ਨਹੀਂ ਕੀ ਕੁਝ ਹੋਰ ਹੋਣਾ ਹੈ। ਕਦੋਂ ਮਿਹਨਤੀ ਲੋਕ ਆਪਣੇ ਅਸਲੀ ਲੋਟੂ ਦੁਸ਼ਮਣ ਨੂੰ ਪਹਿਚਾਣ ਕੇ ਕੰਪੂਚੀਆ, ਅਫਗਾਨਿਸਤਾਨ, ਲਿਬਨਾਨ, ਇਲਸਿਲਵਾਡੋਰ ਜਾਂ ਨਿਕਾਰਾਗੂਆ ਵਰਗੀਆਂ ਹਾਲਤਾਂ ਵਿੱਚੋਂ ਦੀ ਲੰਘਕੇ ਆਪਣਾ ਸੁਖ ਮਾਨਣਗੇ? ਇਸ ਬਾਰੇ ਅਜੇ ਤਾਂ ਕੋਈ ਸਮਾਂ ਮਾਪਕ ਜੰਤਰ ਨਹੀਂ ਹੈ ਪਰ ਹਿੰਦੁਸਤਾਨ ਵਿਚਲੇ ਗਰੁੱਪ (ਜੋ ਕਿ ਆਪਣੇ ਆਪ ਨੂੰ ਲੋਕ-ਹਿਤੂ ਦਰਸਾਉਂਦੇ ਹਨ ਜਦ ਕਿ ਕਿਸੇ ਵੀ ਗਰੁੱਪ ਦਾ ਲੋਕਾਂ ਵਿੱਚ ਕੋਈ ਖਾਸ ਥਾਂ ਨਹੀਂ ਆਉਂਦਾ ਜਿਹੜਾ ਕਿ ਲੁੱਟ ਹੋ ਰਹੇ ਲੋਕਾਂ ਦੇ ਮਨਾਂ ਨੂੰ ਜਿੱਤ ਸਕੇ ਜਦ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ-ਪੱਖੀ ਕੁਰਬਾਨੀਆਂ ਵੀ ਦੇ ਚੁੱਕੇ ਹਨ) ਇਸ ਬਾਰੇ ਆਪਣੇ ਵੱਖੋ ਵੱਖਰੇ ਦਾਅਵੇ ਕਰਦੇ ਹਨ ਜਿਵੇਂ ਇੱਕ ਲੋਕਾਂ ਨੂੰ ਕਹਿੰਦਾ ਹੈ ਕਿ ਇੰਨ੍ਹਾਂ ਗਿਣਤੀ ਦੇ ਸਾਲਾਂ ਵਿੱਚ ਅਸੀਂ ਜ਼ੁਲਮਾਂ ਨੂੰ ਦੂਰ ਕਰ ਦੇਵਾਂਗੇ, ਦੂਸਰਾ ਕਹਿੰਦਾ ਹੈ ਕਿ ਹੌਸਲਾ ਨਾ ਹਾਰੋ, ਸਾਡੇ ਨਾਲ ਆਓ, ਆਪਣੀ ਜਿੱਤ ਜ਼ਰੂਰ ਹੋਵੇਗੀ ਅਤੇ ਕੋਈ ਕਹਿੰਦਾ ਹੈ ਕਿ ਅਸੀਂ ਵਾਅਦਾ ਕੋਈ ਨਹੀਂ ਕਰਦੇ ਪਰ ਦੂਸਰੇ ਸਭ ਤੁਹਾਨੂੰ ਗੁੰਮਰਾਹ ਕਰ ਰਹੇ ਹਨ।

ਇਸ ਤਰ੍ਹਾਂ ਇਹ ਗਰੁੱਪ ਏਨੇ ਹੋ ਗਏ ਹਨ ਕਿ ਆਮ ਲੋਕਾਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਚੰਗਾ ਕੌਣ ਹੈ! ਅੱਜ ਜਿਸਨੂੰ 15-18 ਅਸਮਾਨ ਹਿਲਾਊ ਮੋਟੇ ਮੋਟੇ ਇਨਕਲਾਬੀ ਲਫਜ਼ ਘੋਟੇ ਰਾਹੀਂ ਵੀ ਮਿਲ ਜਾਣ ਉਸਨੂੰ ਇਹ ਗਰੁੱਪ 'ਮੈਂਬਰਸ਼ਿੱਪ ਦਾ ਲਾਇਸੈਂਸ' ਪਿਆਰ ਆ ਕੇ ਇਸ ਤਰ੍ਹਾਂ ਦੇਣ ਆਉਂਦੇ ਹਨ ਜਿਸ ਤਰਾਂ ਵੋਟਾਂ ਦੇ ਦਿਨਾਂ ਵਿੱਚ ਵੋਟਾਂ ਵਾਲੇ "ਕੀਮਤੀ ਵੋਟ" ਬਣਾਉਂਦੇ ਹਨ। ਜੇਕਰ ਕੋਈ ਵਿਅਕਤੀ ਈਮਾਨਦਾਰੀ ਨਾਲ ਹਾਲਾਤਾਂ ਨੂੰ ਪਰਖਦੇ ਹੋਏ ਕਿਸੇ ਗਰੁੱਪ ਦੇ ਨਾਲ ਹੋ ਜਾਂਦਾ ਹੈ ਤਾਂ ਆਪਣੇ ਆਪ ਨੂੰ ਲੋਕ-ਪੱਖੀ ਕਹਾਉਣ ਵਾਲੇ ਦੂਜੇ ਗਰੁੱਪ ਉਸ ਵਿਅਕਤੀ ਦਾ ਵਿਰੋਧ ਬਿਨਾਂ ਸੋਚਿਆਂ ਸਮਝਿਆਂ ਕਰਨ ਲੱਗ ਪੈਂਦੇ ਹਨ ਭਾਵੇਂ ਕਿ ਉਸ ਵਿਅਕਤੀ ਦੀ ਵਿਰੋਧ ਕਰਨ ਵਾਲਿਆਂ ਪ੍ਰਤੀ ਵੀ ਡੂੰਘੀ ਹਮਦਰਦੀ ਹੋਵੇ। ਉਦਾਹਰਣ ਵਜੋਂ ਹਿੰਦੁਸਤਾਨ ਵਿੱਚ ਮੇਰੇ ਪਿੰਡ ਵਿੱਚੋਂ ਗੁੰਡਾਗਰਦੀ ਅਤੇ ਲੋਟੂਆਂ ਨੂੰ ਆਮ ਲੋਕਾਂ ਵਿੱਚੋਂ ਹਰ ਤਰ੍ਹਾਂ ਦੇ ਸੰਘਰਸ਼ਾਂ ਜਾਂ ਮੁਕਾਬਲਿਆਂ ਰਾਹੀਂ ਨਿਖੇੜਨ ਦੀ ਬਜਾਇ ਮੋਗੀਆਂ ਦੀ ਘਰ ਦੀਆਂ ਕੰਧਾਂ ਨੂੰ ਜ਼ਿੰਦਾਬਾਦ ਜਾਂ ਮੁਰਦਾਬਾਦ ਨਾਲ ਰਾਤ ਦੇ ਹਨੇਰੇ ਵਿੱਚ ਪੇਂਟ ਕਰਦੇ ਰਹਿਣਾ, ਪਰ ਗੁੰਡਾਗਰਦੀ ਦੀ ਸ਼ਰੇਆਮ ਲੁੱਟ ਵੇਲੇ ਅੰਦਰੋਂ ਬਾਹਰ ਨਹੀਂ ਨਿੱਕਲਣਾ ਸਗੋਂ ਕਈ ਵਾਰ ਸਾਡੇ ਰਾਹ ਵਿੱਚ ਹੀ ਮੁਸ਼ਕਲਾਂ ਦੇ ਕਾਰਣ ਬਣਨਾ, ਇਹ ਕਿਹੜੇ ਇਨਕਲਾਬ ਦੀ ਸ਼ੁਰੂਆਤ ਹੈ? ਫਿਰ ਵੀ ਹਰੇਕ ਗਰੁਪ ਵਿੱਚ ਹੀ ਈਮਾਨਦਾਰ ਅਤੇ ਮਿਹਨਤੀ ਕਾਡਰ ਵੀ ਕੰਮ ਕਰ ਰਿਹਾ ਹੈ ਅਤੇ ਕੁਝ ਗਰੁੱਪ ਪਹਿਲਾਂ ਨਾਲੋਂ ਕਾਫ਼ੀ ਮਜ਼ਬੂਤ ਹੋ ਰਹੇ ਹਨ ਅਤੇ ਉਹਨਾਂ ਕੋਲੋਂ ਆਉਣ ਵਾਲੇ ਸਮੇਂ ਵਿੱਚ ਕੁਝ ਆਸ ਵੀ ਬੱਝਦੀ ਹੈ ਜੇਕਰ ਉਹ ਸਮੇਂ ਸਮੇਂ ਤੇ ਆਪਣੇ ਵਿੱਚੋਂ ਪਿਛਾਂਹ ਖਿੱਚੂ ਅਨਸਰ ਨੂੰ ਦਰੁਸਤ ਕਰਕੇ ਲੋਕਾਂ ਨੂੰ ਹਰੇਕ ਮਸਲੇ ਉੱਪਰ ਪ੍ਰਭਾਵਤ ਕਰਨ। ਇਹ ਕੰਮ ਸਿਰਫ਼ ਗੱਲੀਂ ਬਾਤੀਂ ਨਹੀਂ ਹੋ ਸਕਦਾ ਸਗੋਂ ਲੋਕਾਂ ਦੇ ਮੋਢੇ ਨਾਲ ਮੋਢਾ ਲਾ ਕੇ ਕੀਤਾ ਜਾ ਸਕਦਾ ਹੈ ਅਤੇ ਇਹ ਪਹਿਲਾਂ ਨਾਲੋਂ ਕਾਫ਼ੀ ਹੱਦ ਤੱਕ ਹੋ ਵੀ ਰਿਹਾ ਹੈ। ਵੱਖ ਵੱਖ ਜਗਾਹ ਤੇ ਕੰਮ ਕਰ ਰਿਹਾ ਕਾਡਰ, ਭਾਵੇਂ ਕਿ ਉਨ੍ਹਾਂ ਦੇ ਕੰਮ ਕਰਨ ਦੇ ਢੰਗਾਂ ਵਿੱਚ ਵਖਰੇਵਾਂ ਜ਼ਰੂਰ ਹੈ, ਫਿਰ ਵੀ ਸੰਘਰਸ਼ਾਂ ਦੌਰਾਨ ਆਪਸ ਵਿੱਚ ਲੜਨ ਦੀ ਬਜਾਇ, ਆਪਣਾ ਨਿਸ਼ਾਨਾ ਬੁਰਜੂਆ ਜਮਾਤ ਅਤੇ ਉਸਦੇ ਗੁੰਡਿਆਂ ਨੂੰ ਹੀ ਰੱਖਣਾ ਚਾਹੀਦਾ ਹੈ। ਇਹ ਸਭ ਗੱਲਾਂ ਮੈਂ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਮੈਂ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ) ਵੈਨਕੂਵਰ ਵਿੱਚ ਕੰਮ ਕਰ ਰਿਹਾ ਹਾਂ – ਅਸੀਂ ਤਾਂ ਚਾਹੁੰਦੇ ਹਾਂ ਕਿ ਹਿੰਦੁਸਤਾਨ ਦੇ ਗਰੁੱਪ ਆਪਣਾ ਘੇਰਾ ਲੋਕਾਂ ਵਿੱਚ ਵਧਾ ਕੇ ਮੌਕਾਪ੍ਰਸਤਾਂ ਨੂੰ ਲੋਕਾਂ ਵਿੱਚੋਂ ਨਿਖੇੜਨ ਪਰ ਇਹ ਗਰੁੱਪ ਸਾਡੀ ਨੀਤੀ ਨੂੰ ਜਾਣਦੇ ਬੁਝਦੇ ਹੋਣ ਕਰਕੇ ਵੀ ਸਾਡੇ ਲਈ ਮੁਸ਼ਕਲਾਂ ਬਣ ਰਹੇ ਹਨ। ਸੰਤ ਰਾਮ ਉਦਾਸੀ ਇਪਾਨਾ ਦੀ ਪਾਲਿਸੀ ਨੂੰ ਚੰਗੀ ਤਰ੍ਹਾਂ ਸਮਝਦਾ ਹੈ, ਇਸ ਕਰਕੇ ਹੀ ਗੁਰਸ਼ਰਨ ਭਾਅ ਜੀ ਤੋਂ ਸਾਨੂੰ ਸੁਚੇਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਵਤਨੋਂ ਦੂਰ ਦੀ ਪਾਲਿਸੀ ਨੂੰ ਕੂੜੇ ਦੇ ਢੇਰ 'ਚ ਰੱਖ, ਬਿਨਾਂ ਕਿਸੇ ਦਲੀਲ 'ਜੈਕਾਰਾ' ਪੇਪਰ ਤੇ ਚਿੱਕੜ ਸੁੱਟ ਰਿਹਾ ਹੈ। ਇਸ ਤਰ੍ਹਾਂ ਦੀ ਫੁੱਟ ਸਦਕਾ ਹੀ ਪੰਜਾਬ ਦੀਆਂ ਆਰਥਕ ਮੰਗਾਂ ਤੱਕ ਕਮਿਊਨਿਸਟ ਦੇ ਨਾਂ ਅੱਪੜਨ ਦੀ ਮਜ਼ਬੂਰੀ ਵੀ ਦਸਦਾ ਹੈ ਅਤੇ ਫਿਰਕਾਪ੍ਰਸਤ ਅਕਾਲੀਆਂ ਨੂੰ ਆਪਣੇ ਤੋਂ ਬਿਹਤਰ ਦੱਸਣ ਦੀ ਕੋਸ਼ਿਸ਼ ਕਰਦਾ ਹੈ (ਦੇਖੋ ਵਤਨੋਂ ਦੂਰ, ਜੁਲਾਈ ਅਗਸਤ 1983, ਸਫ਼ਾ 60)। "ਜੈਕਾਰਾ" ਉੱਪਰ ਚਿੱਕੜ ਸੁੱਟਣ ਨਾਲ ਉਦਾਸੀ ਸਾਹਿਬ ਨੂੰ ਤਾਂ ਪਤਾ ਨਹੀਂ ਕੁਝ ਫਾਇਦਾ

ਹੋਇਆ ਜਾਂ ਨਹੀਂ ਪਰ ਸਾਨੂੰ ਜਾਂ ਵਤਨੋਂ ਦੂਰ ਨੂੰ ਜ਼ਰੂਰ ਨੁਕਸਾਨ ਪੁੱਜ ਸਕਦਾ ਹੈ ਜਿਹੜੇ ਇਸ ਤਰ੍ਹਾਂ ਦੀ ਲਿੱਕੜਬਾਜ਼ੀ ਵਿੱਚ ਫਸਕੇ ਆਪਣ ਵਧੀਆ ਕਾਡਰ ਅਤੇ ਪਾਠਕ ਗਵਾ ਸਕਦੇ ਹਨ। ਇਹਨਾਂ ਕਾਮਰੇਡਾਂ ਵਿੱਚੋਂ ਪਿਛਾਂਹਖਿੱਚੂ ਅਤੇ ਜਾਗੀਰੂ ਸੋਚ ਅਜੇ ਵੀ ਨਹੀਂ ਨਿੱਕਲਦੀ ਜਿਹਾ ਕਿ ਪੇਪਰ "ਜਫ਼ਰਨਾਮਾ" ਦੇ ਜਸਪਾਲ ਜੱਸੀ ਨੇ "ਸਮਤਾ" ਅਕਤੂਬਰ 83 ਵਿੱਚ ਕਿਹਾ ਹੈ ਕਿ " ਸਾਡੇ ਦਿਮਾਗਾਂ ਦੀ ਕਾਢ" ਭਾਵ "ਸਾਡੀਆਂ ਲਿਖਤਾਂ" ਨੂੰ ਤੁਸੀਂ ਆਪਣੇ ਪੇਪਰਾਂ ਵਿੱਚ ਦੇ ਕੇ ਆਪਣੇ ਆਪ ਨੂੰ ਲੋਕਾਂ ਵਿੱਚ ਲੋਕ ਪ੍ਰਿਆ ਕਰਨਾ ਚਾਹ ਰਹੇ ਹੋ - ਇਸਦਾ ਮਤਲਬ ਕਿ ਜੇ ਕੋਈ ਚੰਗੇ ਖ਼ਿਆਲ ਕਿਸੇ ਕਿਤਾਬ, ਰਿਸਾਲੇ ਜਾਂ ਵਿਅਕਤੀ ਕੋਲੋਂ ਸਮਝਕੇ ਦੂਸਰੇ ਲੋਕਾਂ ਤਾਈਂ ਪਹੁੰਚਾਉਂਦਾ ਹੈ ਤਾਂ "ਜਫ਼ਰਨਾਮਾ" ਵਾਲਿਆਂ ਤੋਂ ਇਜਾਜ਼ਤ ਲੈਣੀ ਜ਼ਰੂਰੀ ਹੈ।

ਹਿੰਦੁਸਤਾਨੀ ਮਾਰਕਸੀ-ਲੈਨਿਨੀ ਸਿਧਾਂਤਾਂ ਵਾਲੇ ਅਜੇ ਦੂਸਰੇ ਗਰੁੱਪਾਂ ਨੂੰ ਖ਼ਤਮ ਕਰਨ ਲਈ ਬੁਰਜ਼ੂਆ ਕਚਹਿਰੀ ਤੱਕ ਨਹੀਂ ਅੱਪੜੇ ਜਿਸ ਤਰ੍ਹਾਂ ਕੈਨੇਡਾ ਦਾ ਇਕ ਮ-ਲ ਕਹਾਉਣ ਵਾਲਾ ਗਰੁੱਪ ਜਿਸਦਾ ਲੀਡਰ ਹਰਦਿਆਲ ਬੈਂਸ ਹੈ, ਕਚਹਿਰੀ ਤੱਕ ਤਾਂ ਕੀ ਹਰ ਤਰ੍ਹਾਂ ਦੇ ਪਿਛਾਂਹਖਿੱਚੂ ਅਤੇ ਖ਼ਤਰਨਾਕ ਅਨਸਰਾਂ ਨੂੰ ਵੀ ਵਰਤ ਲੈਂਦਾ ਹੈ, ਉਸਦਾ ਇੱਕ ਗਰੁੱਪ ਹਿੰਦੁਸਤਾਨ ਵਿੱਚ ਵੀ ਭੁੱਖੇ ਮਰ ਰਹੇ ਲੋਕਾਂ ਲਈ ਮੋਟਰਸਾਈਕਲਾਂ ਰਾਹੀਂ ਇਨਕਲਾਬ ਵੰਡ ਰਿਹਾ ਹੈ। ਮੈਂ ਹਰਦਿਆਲ ਬੈਂਸ (ਅਲਬਾਨੀਆ) ਮਾਰਕਾ ਗਰੁੱਪਾਂ ਨੂੰ ਨਹੀਂ, ਹੋਰਨਾਂ ਗਰੁੱਪਾਂ ਨੂੰ ਕਹਿਣਾ ਚਾਹੁੰਦਾ ਹਾਂ ਜਿਹੜੇ ਆਪਣੀ ਅਜੇ ਦਲੀਲਾਂ ਤੇ ਯਕੀਨ ਰਖਦੇ ਹਨ ਅਤੇ ਦੂਸਰਿਆਂ ਦੀਆਂ ਦਲੀਲਾਂ ਉੱਪਰ ਵੀ ਵਿਚਾਰ ਕਰਦੇ ਹਨ ਕਿ ਕਿਉਂ ਜਲਦਬਾਜ਼ੀ ਵਿੱਚ ਗ਼ਲਤ ਫ਼ੈਸਲੇ ਲੈ ਕੇ ਆਪਣੇ ਆਪ ਨੂੰ ਇਕੱਲਤਾ ਵਿੱਚ ਪਾ ਰਹੇ ਹੋ। ਕੁਝ ਕੁ ਹਿੰਦੁਸਤਾਨੀ ਗਰੁੱਪਾਂ ਦੀ ਵੀ ਅਜਿਹੀ ਹੀ "ਵਧੀਆ ਦੇਣ" ਸਦਕੇ ਸਾਡੇ ਵਿੱਚੋਂ ਵੀ ਕੁਝ ਲੋਕ ਇੱਕ ਦੂਸਰੇ ਨੂੰ ਤਿਰਛੀਆਂ ਨਜ਼ਰਾਂ ਨਾਲ ਦੇਖਣ ਲੱਗ ਪਏ ਹਨ। ਜੋ ਲੋਕ ਲੀਕ ਦੇ ਫ਼ਕੀਰ ਦੇ ਤੌਰ 'ਤੇ ਕੰਮ ਕਰਨਗੇ ਉਹ ਹਾਲਾਤਾਂ ਉੱਤੇ ਕਿਸ ਤਰ੍ਹਾਂ ਵਿਚਾਰ ਕਰਨਗੇ, ਅਜਿਹੇ ਲੋਕ ਸਿਆਸੀ ਲਾਈਨ ਮਜ਼ਦੂਰ ਦੀ ਕੁੱਲੀ ਜਾਂ JOB (ਕੰਮ) ਦੀ ਮਾੜੀ ਹਾਲਤ ਦੀ ਵਜ੍ਹਾ ਨਾਲ ਆ ਰਹੀ ਮੋਰਗੇਜ (ਬੈਂਕ ਦੇ ਕਰਜ਼ੇ ਦੀ ਲੜੀਵਾਰ ਕਿਸ਼ਤ) ਤੋਂ ਘਬਰਾਏ ਹੋਏ ਲੋਕਾਂ ਵਿੱਚੋਂ ਸਮਝਣ ਦੀ ਬਜਾਏ ਮਾਸਕੋ ਜਾਂ ਪੀਕਿੰਗ ਤੋਂ ਲੈਣਗੇ, ਜਿਵੇਂ ਮੈਂਟਰੀਅਲ ਤੋਂ ਇੱਕ ਡਾਕਟਰ ਜੋ ਭਾਰਤੀ ਕਮਿਊਨਿਟੀ ਦੇ ਨਾਂ ਤੇ ਇੱਕ ਅੰਗਰੇਜ਼ੀ ਵਿੱਚ ਨਿੱਕਲਦੇ ਪਰਚੇ ਦਾ ਸਿਧਾਂਤਕ ਅਲੰਬਰਦਾਰ ਹੈ ਅਤੇ ਆਪਣੇ ਆਪ ਨੂੰ ਦੂਜਾ ਮਾਰਕਸ ਸਮਝਦਾ ਹੈ, ਲੋਕ-ਘੋਲਾਂ ਨੂੰ ਪਰੇ ਸੁੱਟ ਰਾਤ ਦੇ ਸੁਫ਼ਨਿਆਂ ਵਿੱਚੋਂ ਲਾਈਨ ਬਣਾ ਕੇ ਉਨ੍ਹਾਂ ਲੋਕਾਂ ਨੂੰ ਉਸ ਲਾਈਨ ਤੇ ਚੱਲਣ ਲਈ ਕਹੇ ਜੋ ਭੁੱਖੇ ਤਿਹਾਏ ਰਹਿ ਕੇ ਲਾਠੀਆਂ ਗੋਲੀਆਂ ਵਿੱਚੋਂ ਦੀ ਲੰਘ ਰਹੇ ਹੋਣ ਅਤੇ ਇਹੋ ਜਿਹੇ 'ਸਿਧਾਂਤਕ ਅਲੰਬਰਦਾਰ' ਵਰਗਿਆਂ ਨੂੰ ਹਿੰਦੁਸਤਾਨ ਦੇ ਮਾਰਕਸਵਾਦੀ-ਲੈਨਿਨਵਾਦੀ ਗਰੁੱਪ ਆਪਣੀ ਵੱਲੋਂ ਮਾਨਤਾ ਦੇਣ ਤਾਂ ਉਨ੍ਹਾਂ ਇਨਕਲਾਬੀ ਗਰੁੱਪਾਂ ਦੀ ਮਿਹਨਤਕਸ਼ ਲੋਕਾਂ ਨੂੰ ਕੀ ਦੇਣ ਹੋ ਸਕਦੀ ਹੈ ਜਿਹੜੇ ਮੈਂਟਰੀਅਲ ਅਤੇ ਵੈਨਕੂਵਰ ਤੋਂ 'ਵੱਡੇ ਵੱਡੇ' ਡਾਕਟਰਾਂ ਰਾਹੀਂ ਚਾਰ ਪੈਸਿਆਂ ਖ਼ਾਤਰ, ਜਥੇਬੰਦੀਆਂ ਨੂੰ ਲੋਕ-ਪੱਖੀ ਬਣਾਉਣ ਦੀ ਥਾਂ ਸਿਰਫ਼ ਆਪਣੇ ਨਿਜ਼ੀ ਮਕਸਦ ਪੂਰੇ ਕਰਨ ਖ਼ਾਤਰ ਹਿੰਦੁਸਤਾਨ ਦੀ ਧੜੇਬੰਦੀ ਨੂੰ ਲੈ ਕੇ ਐਵੇਂ ਇੱਕ ਦੂਸਰੇ ਖਿਲਾਫ਼ ਫ਼ਜ਼ੂਲ ਬੋਲਕੇ ਆਪਣੇ ਤੋਂ ਲੋਕਾਂ ਨੂੰ ਦੂਰ ਕਰਕੇ ਖ਼ਤਮ ਕਰਨ ਜਾ ਰਹੇ ਹੋਣ।

ਅਸੀਂ ਹੁਣ ਤੱਕ ਇਹ ਸਮਝ ਸਕੇ ਹਾਂ ਕਿ ਐਵੇਂ ਇੱਕ ਦੂਸਰੇ ਖਿਲਾਫ਼ ਬਿਨਾਂ ਵਜ੍ਹਾ ਬੋਲਣ ਨੂੰ ਛੱਡ ਸਿਰਫ਼ ਲੋਕ-ਪੱਖੀ ਕੰਮ ਕਰੀਏ " ਚਾਹੇ ਉਹ ਕੰਮ ਕਰਦਿਆਂ ਸਾਨੂੰ ਕਿੰਨੀਆਂ ਵੀ ਕੁਰਬਾਨੀਆਂ ਕਿਉਂ ਨਾਂ ਦੇਣੀਆਂ ਪੈਣ" ਆਪਣਾ ਲੋਕਾਂ ਵਿੱਚ BASE ਬਣਾਉਣਾ ਚਾਹੀਦਾ ਹੈ। ਫੋਕਿਆਂ ਨਾਅਰਿਆਂ ਨਾਲ ਲੋਕਾਂ ਨੇ ਸਾਡਾ ਅਤੇ ਤੁਹਾਡਾ ਕਿਸੇ ਦਾ ਵੀ ਸਾਥ ਨਹੀਂ ਦੇਣਾ। ਇਹਨਾਂ ਲੋਕ-ਪੱਖੀ ਘੋਲਾਂ ਵਿੱਚੋਂ ਹੀ ਅਸੀਂ ਮੌਕਾਪ੍ਰਸਤਾਂ, ਸੋਧਵਾਦੀਆਂ ਜਾਂ ਬੁਰਜ਼ੂਆ ਜਮਾਤ ਦੀਆਂ ਲੋਕ-ਵਿਰੋਧੀ ਚਾਲਾਂ ਨੂੰ ਨਿਖਾਰ ਸਕਦੇ ਹਾਂ। ਸਾਧਾਰਣ ਲੋਕਾਂ ਲਈ ਇੰਨ੍ਹਾਂ ਵੱਡੇ ਵੱਡੇ ਸਿਆਸੀ ਗਠਬੰਧਾਂ ਦੇ ਨਾਲ ਨਾਲ ਦੇਸ ਪਾਲਿਸੀ ਨੂੰ ਲਾਗੂ ਕਰਨ ਵਾਲੇ ਲੋਕ-ਪੱਖੀ ਜੋਧਿਆਂ ਅਤੇ ਉਨ੍ਹਾਂ ਦੇ ਏਕੇ ਦੀ ਵੀ ਜ਼ਰੂਰਤ ਹੈ। ਖ਼ੈਰ ਫਿਰ ਵੀ ਅਸੀਂ ਹਿੰਦੁਸਤਾਨ ਵਿਚਲੇ ਗਰੁੱਪਾਂ ਦੀ ਈਮਾਨਦਾਰੀ ਦੀ ਇੱਜ਼ਤ ਕਰਦੇ ਹਾਂ ਜਿੰਨ੍ਹਾਂ ਨੇ ਇੱਕ ਦੂਜੇ ਨੂੰ ਗਾਲ੍ਹਾਂ ਕੱਢਕੇ ਹੁਣ ਤੱਕ ਦੀ ਏਕਤਾ ਅਤੇ ਜ਼ੁਲਮਾਂ ਦੇ ਖਿਲਾਫ਼ ਸੰਘਰਸ਼ਾਂ ਦਾ ਸਬੂਤ ਦਿੱਤਾ ਹੈ ਅਤੇ ਹੋਰ ਵੀ ਇਸ ਕੰਮ ਵੱਲ ਪੂਰੇ ਜੋਸ਼ ਨਾਲ 'ਇਨਕਲਾਬੀ ਗਾਲ੍ਹਾਂ' ਦੀਆਂ ਤਲਵਾਰਾਂ ਚਲਾ ਕੇ ਅੱਗੇ ਵਧ ਰਹੇ ਹਨ ਜਿੰਨ੍ਹਾਂ ਦੀ ਕਿ ਸਾਡੀ ਲੋਕ-ਪੱਖੀ ਕਾਇਮ ਕੀਤੀ ਜਾ ਰਹੀ ਜਥੇਬੰਦੀ ਨੂੰ ਵੀ ਕਾਫ਼ੀ ਵਡਮੁੱਲੀ ਦੇਣ ਪ੍ਰਾਪਤ ਹੋ ਰਹੀ ਹੈ। ਲੁਟੇਰੇ ਨਿਜ਼ਾਮ ਦੀ ਲੁੱਟ ਥੱਲੇ ਮਿਹਨਤਕਸ਼ ਲੋਕ ਵੀ, ਜਦ ਆਉਣ ਸਮੇਂ ਤੁਹਾਡੀਆਂ ਅਗਾਂਹਵਧੂ ਦੇਣਾਂ ਦਾ ਧੰਨਵਾਦ ਕਰਿਆ ਕਰਨਗੇ ਅਤੇ ਸਾਡੀਆਂ ਵੀ ਸ਼ੁਭ ਇੱਛਾਵਾਂ ਸਦਾ ਤੁਹਾਡੇ ਨਾਲ ਰਹਿਣਗੀਆਂ ਕਿ ਮਿੱਤਰੋ ਕਿਸੇ ਤੋਂ ਪਿੱਛੇ ਨਹੀਂ ਰਹਿਣਾ। ● (TORONTO, ONTARIO).

ਹਰ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਅਮਰੀਕ ਸੱਲ ਨੂੰ ਮਿਲੋ !

**FOR ALL YOUR REAL ESTATE NEEDS**
**Residential - Commercial - Investments**
**CONTACT: AMRIK SULL**
**PH. BUS: 585-2211**
**PH. RES: 581-6692**
**PAGER: 3748-687-7711**

Century 21.



**AMRIK SULL**

**10667 - 135 ST., SURREY, B.C. V3T 4E3**

# ਜਸਵੰਤ ਸਿੰਘ ਕੰਵਲ ਬਾਰੇ ਵਿਚਾਰ-ਚਰਚਾ

ਪਿਛਲੇ ਕੁਝ ਮਹੀਨਿਆਂ ਤੋਂ ਪ੍ਰਸਿੱਧ ਪੰਜਾਬੀ ਨਾਵਲਕਾਰ ਕੰਵਲ ਦੇ ਪੰਜਾਬ ਦੀ ਸਥਿਤੀ ਬਾਰੇ ਦਿੱਤੇ ਗਏ ਕੁਝ ਹੈਰਾਨੀਜਨਕ ਬਿਆਨ ਕੈਨੇਡਾ ਇੰਗਲੈਂਡ ਅਤੇ ਹਿੰਦੁਸਤਾਨ ਦੇ ਪੱਤਰਾਂ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਸ ਵਿਸ਼ੇ ਉੱਤੇ ਵਤਨੋਂ ਦੂਰ ਦੇ ਪਿਛਲੇ ਦੋ ਅੰਕਾਂ ਵਿੱਚ ਕਈ ਦਸਤਾਵੇਜ਼ ਛਪੇ ਹਨ। ਬਹਿਸ ਨੂੰ ਅੱਗੇ ਤੋਰਨ ਲਈ ਤਿੰਨ ਦਸਤਾਵੇਜ਼ ਵਿਚਾਰ ਅਧੀਨ ਹਨ। ਪਿਛਲੇ ਅੰਕ (ਸਫ਼ਾ 40) ਵਿੱਚ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਦੀ ਛਪੀ ਚਿੱਠੀ ਦੇ ਉੱਤਰ ਵਿੱਚ ਨਾਵਲਕਾਰ ਕੰਵਲ ਦੀ ਭੇਜੀ ਗਈ ਸਪੱਸ਼ਟਤਾ ਵੀ ਛਾਪੀ ਜਾ ਰਹੀ ਹੈ। ਕੰਵਲ ਦੇ ਪਹਿਲੇ ਬਿਆਨਾਂ ਬਾਰੇ ਸਾਡੇ ਵਿਚਾਰ ਪਿਛਲੇ ਅੰਕ ਦੇ ਸੰਪਾਦਕੀ ਵਿਚ ਦਰਜ ਹਨ। ਹੁਣ ਉਨ੍ਹਾਂ ਦੀ ਭੇਜੀ ਗਈ ਸਪੱਸ਼ਟਤਾ ਦੇ ਕੁਝ ਮੁੱਖ ਨੁਕਤਿਆਂ ਨਾਲ ਸਾਨੂੰ ਬੁਨਿਆਦੀ ਮੱਤਭੇਦ ਹਨ।

ਕੰਵਲ ਲਿਖਦਾ ਹੈ, "ਜੇ ਇਹ ਮੰਗ ਦਰੁਸਤ ਹੈ, ਇਸਦੀ ਹਮਾਇਤ ਹੋਣੀ ਚਾਹੀਦੀ ਹੈ। ਖ਼ਾਮੋਸ਼ੀ ਮੈਨੂੰ ਦੋਸ਼ ਵਰਗੀ ਲਗਦੀ ਹੈ। ਹਰ ਸੂਝਵਾਨ ਨੂੰ ਫ਼ੈਸਲਾ ਕਰਨਾ ਹੋਵੇਗਾ: ਸੱਚ ਇੰਦਰਾ ਨਾਲ ਹੈ ਜਾਂ ਅਕਾਲੀ ਮੰਗਾਂ ਨਾਲ?"

ਅਸੀਂ ਮਹਿਸੂਸ ਕਰਦੇ ਹਾਂ ਕਿ ਸੱਚ ਇੰਦਰਾ ਨਾਲ ਨਹੀਂ ਹੈ- ਜੇ ਸੱਚ ਇੰਦਰਾ ਨਾਲ ਹੁੰਦਾ ਤਾਂ:

- ਉਸਦੇ 'ਸਮਾਜਵਾਦ ਲਿਆਓ' ਅਤੇ 'ਗਰੀਬੀ ਹਟਾਓ' ਦੇ ਕਿੰਨੇ ਸਾਲਾਂ ਤੋਂ ਲਾਏ ਜਾ ਰਹੇ ਅਖੌਤੀ ਨਾਹਰੇ ਹਕੀਕਤ ਵਿੱਚ ਬਦਲ ਚੁੱਕੇ ਹੁੰਦੇ;
- ਸੰਵਿਧਾਨ ਵਿੱਚ ਧਰਮ-ਨਿਰਪੱਖਤਾ ਦਾ ਹੋਕਾ ਦੇਣ ਵਾਲੀ ਉਸਦੀ ਸਰਕਾਰ ਬ੍ਰਹਮਚਾਰੀਆਂ, ਹਵਨਾਂ, ਜੱਗਾਂ ਤੇ ਆਹੂਤੀਆਂ ਵਿੱਚ ਗ੍ਰੱਸਤ ਰਹਿਕੇ ਫ਼ਿਰਕਾਪ੍ਰੱਸਤੀ ਨੂੰ ਸ਼ਹਿ ਨਾ ਦਿੰਦੀ;
- ਪੰਜਾਬ, ਆਸਾਮ ਅਤੇ ਹੋਰ ਸੂਬਿਆਂ ਦੇ ਮਾਹੌਲ ਨੂੰ ਹਿੰਦੂ-ਸਿੱਖ-ਮੁਸਲਿਮ ਜਨੂੰਨ/ਫ਼ਿਰਕਾਪ੍ਰੱਸਤੀ ਦੀਆਂ ਡੂੰਘੀਆਂ ਖੱਡਾਂ ਵਿੱਚ ਧੱਕਣ ਤੋਂ ਪਹਿਲਾਂ ਹੀ ਇੰਨ੍ਹਾਂ ਸੂਬਿਆਂ ਦੀਆਂ ਸਮੱਸਿਆਵਾਂ ਦੇ ਹੱਲ ਲੱਭਦੀ।

ਅਸੀਂ ਮਹਿਸੂਸ ਕਰਦੇ ਹਾਂ ਕਿ ਸੱਚ ਅਕਾਲੀਆਂ ਨਾਲ ਵੀ ਨਹੀਂ ਹੈ- ਜੇ ਸੱਚ ਅਕਾਲੀਆਂ ਨਾਲ ਹੁੰਦਾ ਤਾਂ:

- ਆਪਣੇ ਰਾਜ ਸਮੇਂ ਦਲ-ਬਦਲੀਆਂ ਜਾਂ ਕੁਨਬਾ-ਪ੍ਰਵਰੀ / ਭ੍ਰਿਸ਼ਟਾਚਾਰੀ 'ਚ ਗ੍ਰੱਸਤ ਰਹਿਣ ਦੀ ਥਾਂ ਇੰਨ੍ਹਾਂ ਮੰਗਾਂ ਨੂੰ ਪੂਰਾ ਕਰਨ ਲਈ ਡਟ ਕੇ ਅਮਲ ਕਰਦੇ;
- ਉਹ ਆਪਣੇ ਰਾਜ ਸਮੇਂ ਕਿਸਾਨਾਂ, ਵਿਦਿਆਰਥੀਆਂ, ਸਾਹਿੱਤਕਾਰਾਂ ਅਤੇ ਆਮ ਲੋਕਾਂ ਉੱਤੇ ਓਹੋ ਜਿਹੇ (ਜਾਂ ਓਦੂੰ ਵੀ ਵੱਧ) ਅੱਤਿਆਚਾਰ ਨਾ ਕਰਦੇ, ਜਿਹੋ ਜਿਹੇ ਹੁਣ ਇੰਦਰਾ ਵੱਲੋਂ ਅਕਾਲੀਆਂ 'ਤੇ ਹੋ ਰਹੇ ਦੱਸੇ ਜਾਂਦੇ ਹਨ। (ਨੋਟ: ਅੱਤਿਆਚਾਰਾਂ ਦੇ ਕੁਝ ਕੁ ਹਵਾਲਿਆਂ ਲਈ ਪੜ੍ਹੋ 'ਲਹੂ ਦੀ ਲੋਅ'- ਕਰਤਾ ਜਸਵੰਤ ਸਿੰਘ ਕੰਵਲ);
- 'ਪੰਥ ਨੂੰ ਖ਼ਤਰਾ ਹੈ', 'ਖਾਲਿਸਤਾਨ-ਜ਼ਿੰਦਾਬਾਦ/ਮੁਰਦਾਬਾਦ', 'ਭਿੰਡਰਾਂਵਾਲਾ-ਜ਼ਿੰਦਾਬਾਦ/ਮੁਰਦਾਬਾਦ' 'ਪੰਜ ਹਜ਼ਾਰ ਹਿੰਦੂ ਮਾਰੇ ਜਾਣਗੇ' ਆਦਿ ਦੇ ਨਾਹਰੇ ਇਸ ਨੂੰ ਹਿੰਦੂ-ਸਿੱਖ ਫ਼ਿਰਕਾਪ੍ਰਸੱਤੀ/ਜਨੂੰਨ/ਫ਼ਸਾਦ ਨਾ ਬਣਨ ਦਿੰਦੇ (ਅਤੇ ਨਾ ਹੀ ਜਨੂੰਨੀ ਵਿਚਾਰਵਾਨਾਂ ਨੂੰ ਧਾਰਮਿਕ ਪਵਿੱਤਰਤਾ ਦੀ ਓਟ ਦਿੱਤੀ ਜਾਂਦੀ), ਸਗੋਂ ਅਕਾਲੀ ਹਿੰਦੁਸਤਾਨ ਦੇ ਹੋਰ ਸੂਬਿਆਂ ਵਿੱਚ ਵੀ ਇੰਦਰਾ ਸਰਕਾਰ ਵੱਲੋਂ ਨਪੀੜੇ ਜਾ ਰਹੇ ਲੋਕਾਂ ਨੂੰ ਨਾਲ ਲੈ ਕੇ ਇਸਨੂੰ 'ਲੋਕਾਂ ਅਤੇ ਰਾਜ-ਸੱਤਾ' ਦੀ ਜੱਦੋਜਹਿਦ ਬਣਾਉਂਦੇ।

ਸੋ ਅਸੀਂ ਮਹਿਸੂਸ ਕਰਦੇ ਹਾਂ ਕਿ ਸੱਚ ਨਾ ਇੰਦਰਾ ਨਾਲ ਹੈ, ਨਾ ਅਕਾਲੀਆਂ ਨਾਲ ਸਗੋਂ ਸੱਚ ਉਨ੍ਹਾਂ ਲੋਕਾਂ ਨਾਲ ਹੈ ਜਿਨ੍ਹਾਂ ਨੂੰ ਕੰਵਲ ਨੇ ਆਪਣੀ ਸਪੱਸ਼ਟਤਾ ਵਿੱਚ "ਮਹਾਨ ਅਤੇ ਆਪਣੇ ਆਗੂ" ਮੰਨਿਆਂ ਹੈ।

ਸੋ ਸੱਚ ਲੋਕਾਂ ਨਾਲ ਹੈ, ਜਿਸਦੀ ਮੰਜ਼ਲ ਹੈ: ਇਨਕਲਾਬ

ਪਰ ਕੰਵਲ ਅਨੁਸਾਰ, "ਇਕੱਲੀ ਇੰਦਰਾ ਇਹ ਰੇੜਕਾ ਮੁਕਾਉਣਾ ਨਹੀਂ ਚਾਹੁੰਦੀ ਤੇ ਹਾਲਾਤ ਬਰਾਬਰ ਵਿਗੜਦੇ ਜਾ ਰਹੇ ਹਨ। ਸੋਸ਼ਲਿਜ਼ਮ ਤੇ ਇਨਕਲਾਬ ਦੀ ਗੱਲ ਭਾਰਤ ਵਿੱਚ ਗੁੱਠੇ ਲਾ ਰੱਖ ਦਿੱਤੀ ਗਈ ਹੈ। ਕੀਹਨੇ? ਇਹ ਬਿਲਕੁਲ ਵੱਖਰਾ ਮਸਲਾ ਹੈ।"

ਸਾਡੇ ਖ਼ਿਆਲ ਵਿੱਚ ਇਹ ਵੱਖਰਾ ਮਸਲਾ ਨਹੀਂ ਹੈ; ਇਹੀ ਅਸਲ ਮਸਲਾ ਹੈ; ਇਹੀ ਮੁੱਖ ਮਸਲਾ ਹੈ ਅਤੇ ਇਸ ਮਸਲੇ ਬਾਰੇ ਗੱਲ ਕਰਨ ਵਿੱਚ ਹੀ ਇੰਦਰਾ ਅਤੇ ਅਕਾਲੀਆਂ ਤੋਂ ਅੱਗੇ ਅਗਾਂਹਵਧੂ ਤੇ ਲੋਕ-ਹਿਤੂ ਅਸਲੀਅਤ ਦਾ ਰਾਜ਼ ਹੈ।

ਲੋੜ ਹੈ ਕਿ ਲੋਕਾਂ ਨੂੰ ਵੱਡੇ ਸੱਜੇ (ਕਾਂਗਰਸ) ਅਤੇ ਛੋਟੇ ਸੱਜੇ (ਅਕਾਲੀ) ਦੀ ਇਸ ਗੱਦੀ-ਝੜੱਪ ਦਾ ਫ਼ਿਰਕੂ ਅਤੇ ਇਨਕਲਾਬ-ਵਿਰੋਧੀ ਖ਼ਾਸਾ ਸਮਝਾਇਆ ਜਾਵੇ ਅਤੇ ਦੱਸਿਆ ਜਾਵੇ ਕਿ ਅਸਲ ਲੜਾਈ ਤਾਂ ਇੰਨ੍ਹਾਂ ਦੋ ਧਿਰਾਂ ਵਿਚਕਾਰ ਹੈ: ਪਹਿਲੀ ਧਿਰ ਹੈ "ਹਿੰਦੁਸਤਾਨ ਦੇ ਸਰਮਾਏਦਾਰ-ਜਾਗੀਰਦਾਰ (ਜਿਨ੍ਹਾਂ ਵਿੱਚ ਸਾਰੀਆਂ ਸੱਜੀਆਂ ਪਾਰਟੀਆਂ ਦੇ ਭ੍ਰਿਸ਼ਟ ਆਗੂ ਅਤੇ ਧਨੀ ਹਿੰਦੂ-ਸਿੱਖ-ਮੁਸਲਮਾਨ ਸ਼ਾਮਲ ਹਨ); ਦੂਜੀ ਧਿਰ ਹੈ "ਹਿੰਦੁਸਤਾਨ ਦੇ ਆਮ ਲੋਕ (ਗਰੀਬ ਕਿਸਾਨ, ਗਰੀਬ ਮਜ਼ਦੂਰ, ਗਰੀਬ ਹਿੰਦੂ-ਸਿੱਖ-ਮੁਸਲਮਾਨ ਇਸ ਧਿਰ ਵਿੱਚ ਹਨ)"। ਜਿਥੇ ਪਹਿਲੀ ਧਿਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸਾਮਰਾਜਵਾਦੀ ਸ਼ਕਤੀਆਂ ਦੀ ਸ਼ਰੇਆਮ ਹਮਾਇਤ ਹਾਸਲ ਹੈ ਉੱਥੇ ਦੂਜੀ ਧਿਰ ਨੂੰ ਵੀ ਅੰਤਰਰਾਸ਼ਟਰੀ ਵਿਗਿਆਨਕ ਵਿਚਾਰਧਾਰਾ ਵਾਲੀਆਂ ਰਾਸ਼ਟਰੀ-ਅੰਤਰਰਾਸ਼ਟਰੀ ਸ਼ਕਤੀਆਂ ਦੀ ਹਮਾਇਤ ਅਤੇ ਅਗਵਾਈ ਦੀ ਲੋੜ ਹੈ- ਅਤੇ ਜਿੰਨੀ ਦੇਰ ਹਿੰਦੁਸਤਾਨ ਦੇ ਅਗਾਂਹਵਧੂ ਇਨਕਲਾਬੀ ਗਰੁੱਪ ਆਪਣੇ ਵਿਤਕਰੇ ਅਗਾਂਹਵਧੂ ਵਿਗਿਆਨਕ ਵਿਚਾਰਧਾਰਾਵਾਂ ਦੇ ਆਧਾਰ 'ਤੇ ਨਜਿੱਠਕੇ, ਇਕੱਠੇ ਹੋਕੇ, ਹਿੰਦੁਸਤਾਨ ਦੇ ਆਮ ਲੋਕਾਂ ਦੀ ਅਗਵਾਈ ਨਹੀਂ ਕਰਦੇ, ਉਨੀ ਦੇਰ ਲੋਕਾਂ ਦੀ ਕਿਸੇ ਵੀ ਆਰਥਕ, ਸਮਾਜਕ, ਰਾਜਨੀਤਕ, ਸੱਭਿਆਚਾਰਕ, ਸਾਹਿੱਤਕ ਮੰਗ ਦਾ ਸਥਾਈ ਹੱਲ ਅਸੰਭਵ ਹੈ।

ਅੰਤ ਵਿੱਚ ਨਾਵਲਕਾਰ ਕੰਵਲ ਨੂੰ ਸੁਹਿਰਦ ਬੇਨਤੀ ਹੈ ਕਿ ਉਸਨੂੰ ਗ਼ਲਤ ਸਟੈਂਡ ਉੱਤੇ ਡਟੇ ਰਹਿਣ ਦੀ ਜ਼ਿੱਦ ਦਾ ਤਿਆਗ ਕਰਨਾ ਚਾਹੀਦਾ ਹੈ- ਨਾਲ ਹੀ ਅਸੀਂ ਕੰਵਲ ਦੇ ਆਲੋਚਕਾਂ ਤੋਂ ਵੀ ਮੰਗ ਕਰਦੇ ਹਾਂ ਕਿ ਉਹ ਜੇ ਕੰਵਲ ਦੇ ਵਿਚਾਰਾਂ ਨੂੰ ਹੀ (ਨਿੱਜੀ ਟਿੱਪਣੀਆਂ ਤੋਂ ਦੂਰ ਰਹਿਕੇ) ਬਹਿਸ ਦਾ ਆਧਾਰ ਬਣਾਉਣ, ਤਾਂ ਬਹਿਸ ਦੇ ਮੁੱਖ ਵਿਸ਼ੇ ਤੋਂ ਲਾਂਭੇ ਜਾਣ ਦਾ ਖ਼ਤਰਾ ਘਟਦਾ ਹੈ ਅਤੇ ਸਾਰਥਕ ਸਿੱਟਿਆਂ ਦੀ ਆਸ ਵਧਦੀ ਹੈ।

- ਸੰਪਾਦਕ

# ੧. ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਦੀ ਚਿੱਠੀ ਦੇ ਉੱਤਰ ਵਿੱਚ ਸਪੱਸ਼ਟਤਾ

ਜਸਵੰਤ ਸਿੰਘ ਕੰਵਲ

(1) ਮੈਂ ਆਖਿਆ ਹੈ, ਇਸ ਵੇਲੇ ਸਿੱਖ ਹਲਕਿਆਂ ਵਿਚ ਸ਼ਰਧਾ ਰਖਣ ਵਾਲਾ ਸਭ ਤੋਂ ਵਧ ਸੰਤ ਜਰਨੈਲ ਸਿੰਘ ਹੈ। ਅਸਲੀ ਲੀਡਰ ਮੈਂ ਕਦੇ ਨਹੀਂ ਕਿਹਾ, ਜਿਥੋਂ ਤਕ ਸਿੱਖਾਂ ਵਿਚ ਸ਼ਰਧਾ ਤੇ ਸਤਿਕਾਰ ਦਾ ਤੁਅਲਕ ਹੈ ਉਹ ਜਿਉਂ ਦਾ ਤਿਉਂ ਕਾਇਮ ਹੈ, ਅੱਜ ਅਖੀਂ ਵੇਖਿਆ ਜਾ ਸਕਦਾ ਹੈ — ਭਲਕ ਦਾ ਪਤਾ ਨਹੀਂ।

(2) ਪੰਜਾਬ ਤੋਂ ਬਾਹਰੋਂ ਆਏ ਭਈਆਂ ਨੂੰ ਪੱਕੇ ਤੌਰ ਤੇ ਰਹਿਣ ਦਾ ਹੱਕ ਦੇਣਾ ਹੈ — ਤਾਂ ਪੰਜਾਬ ਨੂੰ ਹਰ ਹਾਲਤ ਵਿਚ ਬੇਦਖਲ ਹੋਣਾ ਪਵੇਗਾ। ਇਉਂ ਵਧ ਆਬਾਦੀ ਵਾਲੇ ਰਾਜ ਛੋਟੇ ਰਾਜਾਂ ਦੇ ਆਰਥਿਕ ਸਭਿਆਚਾਰਕ ਢਾਂਚੇ ਨੂੰ ਤਬਾਹ ਕਰਨਗੇ। ਆਸਾਮ ਦਾ ਮਸਲਾ ਪੰਜਾਬ ਤੋਂ ਵਖਰਾ ਨਹੀਂ। ਪੰਜਾਬ ਇਸ ਸਮੇਂ ਤਕਰੀਬਨ ਅੱਧੋ ਅੱਧ ਦੀ ਰੇਸ਼ੋ ਨਾਲ ਖਲੋਤਾ ਹੈ। ਪੰਜਾਬ ਵੀ ਲਾਲੋਆਂ ਨਾਲ ਭਰਿਆ ਪਿਆ ਹੈ। ਸਗੋਂ ਇਥੋਂ ਲਾਲੋ ਧੜਾ ਧੜ ਬਾਹਰ ਨੂੰ ਜਾ ਰਹੇ ਹਨ। ਅਸਲ ਵਿਚ ਬਾਹਰ ਜਾਣ ਵਾਲੇ ਹੀ ਇਸ ਬਦਲ ਦੇ ਜ਼ੁਮੇਂਵਾਰ ਹਨ। ਆਰਥਿਕ ਪੱਖੋਂ ਇਥੋਂ ਦੇ ਲਾਲੋਆਂ ਦਾ ਗਲ ਘੁਟਿਆ ਜਾਣਾ ਕੁਦਰਤੀ ਹੈ। ਕਿਸੇ ਸੋਸ਼ਲਿਸਟ ਦੇਸ਼ ਨੇ ਬਾਹਰਲੇ ਮਜ਼ਦੂਰਾਂ ਨੂੰ ਆਪਣੇ ਦੇਸ਼ ਵਿਚ ਵੜਣ ਨਹੀਂ ਦਿੱਤਾ। ਕਿਉਂ ? ਕੀ ਉਹਨਾਂ ਨੂੰ ਮਲਕ ਭਾਗੋ ਆਖਿਆ ਜਾਵੇ? ਭਾਰਤ ਬਹੁਤੀਆਂ ਕੌਮੀਅਤਾਂ ਦਾ ਸੰਗ੍ਰਹਿ ਹੈ। ਹਰ ਕੌਮੀਅਤ ਨੂੰ ਆਪਣੀ ਹਸਤੀ ਕਾਇਮ ਤੇ ਆਜ਼ਾਦ ਰਖਣ ਦਾ ਹੱਕ ਹੈ। ਜੇ ਹਸਤੀ ਕਿਸੇ ਹੋਰ ਸਚਿਆਰੇ ਢੰਗ ਨਾਲ ਕਾਇਮ ਰੱਖੀ ਜਾ ਸਕਦੀ ਹੈ, ਉਹ ਢੰਗ ਲੋਕਾਂ ਵਿਚ ਆਉਣਾ ਚਾਹੀਦਾ ਹੈ।

(3) ਭਾਰਤ ਵਿਚ ਸੈਕੂਲਰਇਜ਼ਮ ਦੀ ਘਾਟ ਕਾਰਨ ਹੀ ਹੁਣ ਤਕ ਫਿਰਕੂ ਫਸਾਦ ਹੁੰਦੇ ਰਹੇ ਹਨ। ਜਿੰਨ੍ਹਾਂ ਹੱਥਾਂ ਵਿਚ ਰਾਜਸੀ ਤਾਕਤ ਰਹੀ ਹੈ, ਉਹਨਾਂ ਮਜ਼ਬੂਤੀ ਨਾਲ ਇਸ ਨੂੰ ਲਾਗੂ ਨਹੀਂ ਕੀਤਾ। ਜਨੂੰਨੀ ਲੜਾਈ ਦੇ ਨਤੀਜੇ ਹਿੰਦੋਸਤਾਨ ਭੁਗਤ ਚੁੱਕਾ ਹੈ। ਸੈਕੂਲਰਇਜ਼ਮ ਦੀ ਦੁਹਾਈ ਦੇਣ ਵਾਲੇ ਹੀ ਇਸ ਨੂੰ ਪਿਠ ਦੇ ਗਏ। ਤੇ ਲੋਕਾਂ ਨੂੰ ਰਾਜਸੀ ਧਾਂਦਲੀ ਦੇ ਮੂੰਹ ਧੱਕ ਦਿਤਾ। ਸਰਮਾਏਦਾਰੀ ਨੇ ਆਪਣੀ ਲੁੱਟ ਜਾਰੀ ਰੱਖਣ ਲਈ ਫਿਰਕੂ ਜਜ਼ਬਾਤ ਨੂੰ ਉਭਾਰਣਾ ਹੀ ਸੀ। ਪਰ ਸਰਮਾਏਦਾਰੀ ਨੂੰ ਖਤਮ ਕਰਨ ਦੇ ਦਾਅਵੇਦਾਰਾਂ ਨੇ ਵੀ ਕੁਝ ਨਹੀਂ ਸਵਾਰਿਆ। ਕੁਦਰਤ ਦਾ ਨੇਮ ਹੈ, ਹਰ ਸਮੇਂ ਕੁਝ ਨ ਕੁਝ ਹੁੰਦਾ ਰਹਿੰਦਾ ਹੈ, ਮੈਦਾਨ ਖਾਲੀ ਵੇਖ ਕੇ ਸਰਮਾਏਦਾਰਾਂ ਕਬਜ਼ਾ ਕਰ ਲਿਆ। ਮੈਂ ਹਰ ਮਤ ਦੇ ਲੋਕਾਂ ਨੂੰ ਭਾਈਚਾਰਕ ਸਾਂਝ ਨਾਲ ਵਸਦੇ ਵੇਖਣਾ ਚਾਹੁੰਦਾ ਹਾਂ।

(4) ਮੈਂ ਅਜਿਹੀ ਮਾਰਕਸਿਜ਼ਮ ਕਿਤੇ ਨਹੀਂ ਪੜ੍ਹੀ ਜਿਹੜ੍ਹੀ ਵੱਡੇ ਹਥੋਂ ਛੋਟੇ ਕਲਚਰ ਨੂੰ ਕੁਚਲਾਉਂਦੀ ਹੋਵੇ। ਸਗੋਂ ਹਰ ਕਲਚਰ ਨੂੰ ਵਧਣ ਫੁਲਣ ਲਈ ਸਹੂਲਤ ਤੇ ਸੁਰਖਸ਼ਾ ਜ਼ਰੂਰ ਦਿੰਦੀ ਹੈ, ਇੰਗਲੈਂਡ ,ਅਮਰੀਕਾ, ਤੇ ਕੈਨੇਡਾ ਦੇ ਕਲਚਰ ਵਿਚ ਬਹੁਤਾ ਫਰਕ ਨਹੀਂ। ਬਾਹਰ ਜਾਣ ਵਾਲੇ ਲਖ ਜਤਨਾਂ ਦੇ ਬਾਵਜੂਦ ਬਹੁਗਿਣਤੀ ਦੇ ਕਲਚਰ ਵਿਚ ਆਪੇ ਨੂੰ ਸਮਾਉਣ ਤੋਂ ਰੋਕ ਨਹੀਂ ਸਕਣਗੇ। ਜੇ ਪੰਜਾਬੀਅਤ ਹੀ ਨ ਰਹੀ, ਪੰਜਾਬ ਕੀ ਹੋਇਆ? ਜਿਹਨਾਂ ਸਾਹਮਣੇ ਪੰਜਾਬ ਹੈ, ਨਹੀਂ ਹੈ, ਇਕ ਬਰਾਬਰ ਹੈ, ਮੈਂ ਉਹਨਾਂ ਦੇ ਵਿਚਾਰਾਂ ਨਾਲ ਨਹੀਂ ਖਲੋ ਸਕਦਾ। ਹਰ ਕੌਮੀਅਤ ਦੀਆਂ ਕੁਝ ਭਿੰਨ ਸਮੱਸ੍ਰੀਆਵਾਂ ਹੁੰਦੀਆਂ ਹਨ। ਕਸ਼ਮੀਰੀ ਨੂੰ ਮਦਰਾਸੀ ਨਾਲ ਨਹੀਂ ਰਲਾਇਆ ਜਾ ਸਕਦਾ।

(5) ਈਨਕ ਪਾਬੂਲ ਜਿਥੋਂ ਤਕ ਆਪਣੀ ਸਭਿਅਤਾ ਨੂੰ ਬਚਾਉਣ (ਜਿਸ ਨੂੰ ਕੋਈ ਖਤਰਾ ਨਹੀਂ) ਦੀ ਗਲ ਕਰਦਾ ਹੈ , ਠੀਕ ਹੈ, ਜਦੋਂ ਉਹ ਨਸਲੀ ਵਿਤਕਰੇ ਤੇ ਲੜਾਈ ਦੀ ਗਲ ਛੇੜਦਾ ਹੈ, ਕੌਮ ਵਿਰੋਧੀ ਹੋ ਜਾਂਦਾ ਹੈ। ਇੰਗਲੈਂਡ ਤੇ ਪੰਜਾਬ ਦੀ ਸਥਿਤੀ ਵਿਚ ਹਜ਼ਾਰਾਂ ਕੋਹਾਂ ਦਾ ਫਰਕ ਹੈ, ਮੁਕਾਬਲਾ ਹੀ ਕੋਈ ਨਹੀਂ। ਪੰਜਾਬ ਖੁਰ ਰਿਹਾ ਹੈ। ਇਸ ਨੂੰ ਜਾਣ ਬੁਝ ਕੇ ਘੱਟ ਗਿਣਤੀ ਵਿਚ ਲਿਆਂਦਾ ਜਾ ਰਿਹਾ ਹੈ। ਅਕਾਲੀ ਪੰਜਾਬ ਦੇ ਮਧ ਵਰਗ ਤੇ ਟੁਟ ਰਹੇ ਦੀ ਤਰਜਮਾਨੀ ਕਰ ਰਹੇ ਹਨ। ਮੈਂ ਉਹਨਾ ਦੀ ਸਿਆਸਤ ਨਾਲ ਸਹਿਮਤ ਨਹੀਂ। ਵਜਾਹ ਸਾਫ ਹੈ। ਉਹਨਾਂ ਨੂੰ ਆਪਣੀ ਮੰਜ਼ਲ ਦਾ ਆਪ ਪਤਾ ਨਹੀਂ ਪਰ ਉਹਨਾ ਦੇ ਚਲ ਰਹੇ ਮੋਰਚੇ ਦੀਆਂ ਮੰਗਾਂ ਸਵਾਏ ਕਾਂਗਰਸ ਦੇ ਸਭ ਵਿਰੋਧੀ ਪਾਰਟੀਆਂ ਵੀ ਠੀਕ ਮੰਨੀਆਂ ਹਨ। ਮੈਂ ਵੀ ਇਹਨਾਂ ਮੰਗਾਂ ਦਾ ਸੰਮਰਥਨ ਕੀਤਾ ਹੈ, ਜਿਹੜੇ ਇਨਾਂ ਮੰਗਾਂ ਨੂੰ ਠੀਕ ਨਹੀਂ ਮੰਨਦੇ , ਉਹ ਇੰਦਰਾ ਨੂੰ ਠੀਕ ਮੰਨਦੇ ਹਨ। ਨਿਰਾ ਤਮਾਸ਼ਾ ਵੇਖਣ ਵਾਲਿਆਂ ਨੂੰ ਕੀ ਆਖਿਆ ਜਾਵੇ।

(6) ਮੈਂ ਕਦੇ ਦਾਅਵਾ ਨਹੀਂ ਕੀਤਾ ਕਿ ਲੋਕਾਂ ਦਾ ਲੇਖਕ ਹਾਂ। ਲੋਕਾਂ ਨੂੰ ਮਹਾਨ ਤੇ ਆਪਣੇ ਆਗੂ ਜ਼ਰੂਰ ਮੰਨਿਆ ਹੈ। ਹਰ ਲੇਖਕ ਬਾਰੇ ਉਹਦੀ ਲਿਖਤ ਹੀ ਨਿਰਣਾ ਕਰਦੀ ਹੈ ਕਿ ਉਹ ਕੀ ਹੈ। ਆਪਣੀਆਂ ਗਲਾਂ ਕਿਸੇ ਦੇ ਮੂੰਹ ਪਾਉਣ ਨਾਲ ਸੱਚ ਨਹੀਂ ਉਘੜਦਾ। ਮੇਰਾ ਨਿਸਚਾ ਹੈ , ਚਲ ਰਹੇ ਸੱਚ ਦਾ ਪੱਲਾ ਹਰ ਲੇਖਕ ਨੂੰ ਫੜ ਕੇ ਰੱਖਣਾ ਚਾਹੀਦਾ ਹੈ।

## ਕੁਝ ਹੋਰ

ਅਕਾਲੀ ਕਿਸੇ ਇਨਕਲਾਬ ਲਈ ਨਹੀਂ ਲੜ ਰਹੇ। ਛੋਟਾ ਸੱਜਾ ਤਬਾਹ ਹੋਣੋ ਬਚਣ ਲਈ ਵੱਡੇ ਸੱਜੇ ਤੋਂ ਕੁਝ ਰਿਆਇਤਾਂ ਭਾਲ ਰਿਹਾ ਹੈ। ਇਹ ਕੋਈ ਗੁਨਾਹ ਨਹੀਂ। ਅਕਾਲੀ ਮੋਰਚਾ ਜੇ ਕਾਮਯਾਬ ਹੋ ਜਾਵੇ; ਪੰਜਾਬ ਦੀ ਆਰਥਿਕਤਾ ਨੂੰ ਸਥਿਰਤਾ ਮਿਲਦੀ ਹੈ । ਇਸ ਤਰਾਂ ਵਤਨੋਂ ਬੇਵਤਨ ਹੋਣ ਵਾਲਿਆਂ ਨੂੰ ਮੁਹਾਰਾਂ ਮੋੜਣ ਦਾ ਮੌਕਾ ਮਿਲ ਸਕਦਾ ਹੈ। ਅੰਦਰੂਨੀ ਖੁਦਮੁਖਤਾਰੀ ਦਾ ਨਾਅਰਾ ਜੱਥੇਦਾਰਾਂ ਲਾਇਆ ਹੈ; ਕਿਸੇ ਹੋਰ ਰਾਜਸੀ ਪਾਰਟੀ ਨੇ ਨਹੀਂ, ਕਿਉਂਕਿ ਮੋਰਚਾ ਅਕਾਲੀਆਂ ਲਾਇਆ ਹੈ, ਇਸ ਕਾਰਨ ਵਿਰੋਧਤਾ ਠੀਕ ਨਹੀਂ, ਮੈਦਾਨ ਖੁਲ੍ਹਾ ਸੀ, ਕੋਈ ਵੀ ਤੜ ਮਾਰ ਸਕਦਾ ਸੀ, ਜੇ ਇਹ ਮੰਗ ਦਰੁਸਤ ਹੈ , ਇਸ ਦੀ ਹਮਾਇਤ ਹੋਣੀ ਚਾਹੀਦੀ ਹੈ। ਖ਼ਾਮੋਸ਼ੀ ਮੈਨੂੰ ਦੋਸ਼ ਵਰਗੀ ਲਗਦੀ ਹੈ।

ਹਰ ਸੂਝਵਾਨ ਨੂੰ ਫੈਸਲਾ ਕਰਨਾ ਹੋਵੇਗਾ: ਸੱਚ ਇੰਦਰਾ ਨਾਲ ਹੈ ਜਾਂ ਅਕਾਲੀ ਮੰਗਾਂ ਨਾਲ ? ਇਕੱਲੀ ਇੰਦਰਾ ਇਹ ਰੇੜਕਾ ਮੁਕਾਉਣਾ ਨਹੀਂ ਚਾਹੁੰਦੀ ਤੇ ਹਾਲਾਤ ਬਰਾਬਰ ਵਿਗੜਦੇ ਜਾ ਰਹੇ ਹਨ। ਸੋਸ਼ਲਿਜ਼ਮ ਤੇ ਇਨਕਲਾਬ ਦੀ ਗਲ ਭਾਰਤ ਵਿਚ ਗੁੱਠੇ ਲਾ ਰੱਖ ਦਿੱਤੀ ਗਈ ਹੈ। ਕੀਹਨੇ ? ਇਹ ਬਿਲਕੁਲ ਵਖਰਾ ਮਸਲਾ ਹੈ।

ਪੰਜਾਬ ਦਾ ਕਿਸਾਨ ਜੇ ਅਕਾਲੀਆਂ ਨਾਲ ਨਾ ਆਇਆ ਹੁੰਦਾ, ਮੋਰਚਾ ਸਾਲ ਨੂੰ ਕਦੇ ਨਾ ਟਪਦਾ। ਜਦੋਂ ਹਾਲੋਂ ਬੇਹਾਲ ਕਿਸਾਨ ਦੀ ਬਾਂਹ ਫੜਨ ਵਾਲਾ ਹੀ ਕੋਈ ਨਾ ਹੋਵੇ, ਉਹ ਜਾਵੇ ਕਿਧਰ ਨੂੰ ? ਕਾਂਗਰਸ ਦੀ ਹੀ ਕੁੱਟ ਖਾਈ ਜਾਵੇ ? ਅਕਾਲੀਆਂ ਉਸਨੂੰ ਗਲ ਨਾਲ ਲਾ ਲਿਆ। ਚਲ ਰਹੇ ਮੋਰਚੇ ਤੋਂ ਅੰਦਾਜ਼ਾ ਲਾਉਣਾ ਔਖਾ ਨਹੀਂ , ਪੰਜਾਬ ਦਾ ਮਾਸਜ਼ ਅੱਜ ਕੀਹਦੇ ਨਾਲ ਹੈ। ਕਲ ਕਿਸੇ ਨਹੀਂ ਵੇਖਿਆ।

ਗਲ ਤੁਰਨੀ ਚਾਹੀਦੀ ਹੈ ਪੰਜਾਬੀ ਪੈਂਤੜੇ ਤੋਂ, ਜਿਸ ਤੇ ਆਕੇ ਵੀ ਅਕਾਲੀ ਥਿੜਕ ਜਾਂਦੇ ਹਨ, ਇਹ ਉਹਨਾਂ ਦੇ ਵਸ ਦੀ ਗਲ ਨਹੀਂ। ਉਹਨਾਂ ਮੁੱਢ ਤੋਂ ਹੀ ਸਿੱਖ ਧਾਰਾ ਅਨੁਸਾਰ ਸੋਚਿਆ ਹੈ । ਲੋੜ ਹੈ ਪੰਜਾਬੀ ਪੈਂਤੜੇ ਨੂੰ ਮਜ਼ਬੂਤ ਕੀਤਾ ਜਾਵੇ। ਪੰਜਾਬੀਆਂ ਦੀ ਏਕਤਾ ਪ੍ਰਾਪਤੀਆਂ ਕਰ ਸਕਦੀ ਹੈ, ਇਹ ਇਕ ਇਕੱਲੇ ਦਾ ਕੰਮ ਨਹੀਂ। ਪੰਜਾਬ ਮਜ਼ਬੂਤ, ਭਾਰਤ ਮਜ਼ਬੂਤ।

ਕਿਸੇ ਫਿਰਕੇ ਦੇ ਬੇਗੁਨਾਹ ਦਾ ਕਤਲ ਭਾਰੀ ਅਪਰਾਧ ਹੈ। ਉਸਦੀ ਹਰ ਤਰਾਂ ਨਿੰਦਾ ਹੋਣੀ ਚਾਹੀਦੀ ਹੈ। ਪੰਜਾਬ ਦੇ ਏਕੇ ਨੂੰ ਸੱਟ ਮਾਰਿਆਂ ਕੋਈ ਪ੍ਰਾਪਤੀ ਨਹੀਂ ਹੋਣੀ। ਕਈ ਪਾਰਟੀਆਂ ਮੋਰਚਾ ਲਗਣ ਨਾਲ ਆਪਣੀ ਸਾਖ ਮਰਦੀ ਵੇਖਕੇ ਸਾੜਾ ਕੀਤਾ ਹੈ, ਫਾਲਤੂ ਵਿਰੋਧ ਤੇ ਨੁਕਤਾਚੀਨੀ ਨੇ ਕਦੇ ਸਵਾਰਿਆ ਕੁਝ ਨਹੀਂ। ਗਲਤ ਨੂੰ ਦਲੀਲ ਨਾਲ ਸਹੀ ਰਾਹ ਤੇ ਲਿਆਉਣਾ ਵੀ ਪ੍ਰਾਪਤੀ ਹੈ। ਮੋਰਚੇ ਦੀ ਨਿਰੀ ਨੁਕਤਾਚੀਨੀ ਸਹੀ ਨੂੰ ਕਮਜ਼ੋਰ ਤੇ ਗਲਤ (ਇੰਦਰਾ) ਦੇ ਹੱਥ ਮਜ਼ਬੂਤ ਕਰੇਗੀ।

ਸਟੈਂਡ ਬਣਨਾ ਚਾਹੀਦਾ ਹੈ ; ਪੰਜਾਬ ਨੂੰ ਆਰਥਿਕ ਪੱਖੋਂ ਪੈਰਾਂ ਸਿਰ ਕਰਨਾ ਹੈ। ਪੈਰਾਂ ਸਿਰ ਇਹ ਤਾਂ ਹੀ ਹੋ ਸਕਦਾ ਹੈ ਜੇ ਆਪਣੇ ਵਸੀਲਿਆਂ (ਬਿਜਲੀ ਪਾਣੀ) ਨੂੰ ਆਪ ਵਰਤੇ। ਆਪਣੀ ਉਪਜ ਦਾ ਮੁੱਲ ਕਿਸੇ ਹੋਰ ਹੱਥ ਨ ਦੇਵੇ।

ਭਾਰਤ ਵਿਚ ਸਾਰੀਆਂ ਰਾਜਸੀ ਪਾਰਟੀਆਂ ਦਾ ਰੋਲ ਲੋਕ ਹਿੱਤਾਂ ਵਾਲਾ ਨਹੀਂ ਰਿਹਾ, ਜਿਹਨਾਂ ਨਰੋਈ ਦਿਸ਼ਾ ਵਲ ਕਦਮ ਪੁੱਟੇ ਪਾਟੇ ਧਾੜ ਹੋ ਗਏ, ਕੀਹਨੇ ਕਦੋਂ ਗਲਤ ਹੋ ਜਾਣਾ ਹੈ, ਭਰੋਸਾ ਹੀ ਨਹੀਂ ਰਿਹਾ, ਰਾਜਸੀ ਪਾਰਟੀਆਂ ਨਾਲੋਂ ਪੰਜਾਬ ਦੇ ਕਿਸਾਨਾਂ ਨਾਲ ਖਲੋਣਾ ਮੈਨੂੰ ਜਚਦਾ ਹੈ। ਤੇ ਮੈਂ ਤੁਰਿਆ ਜਾ ਰਿਹਾ ਹਾਂ।

● (INDIA)

# ੨. ਤਲੋਂ ਖਿਝਿਆ ਜਸਵੰਤ ਸਿੰਘ ਕੰਵਲ

ਸਰਵਣ ਸਿੰਘ ਗਿੱਲ

ਅੱਜ ਕੱਲ੍ਹ 'ਕੰਵਲ' ਫਿਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅਜੋਕੀ ਬਹਿਸ ਵਿਚ 'ਕੰਵਲ' ਇਕ ਪਾਸੇ ਅਤੇ ਅਨੇਕਾਂ ਸਾਹਿਤ ਪ੍ਰੇਮੀ ਦੂਜੇ ਪਾਸੇ ਹਨ। 'ਕੰਵਲ' ਭਾਰਤ ਦੇ ਦੂਜੇ ਸੂਬਿਆਂ ਤੋਂ ਰੁਜ਼ਗਾਰ ਲਈ ਪੰਜਾਬ ਆਏ ਖੇਤ-ਮਜ਼ਦੂਰਾਂ (ਭੱਈਆਂ) ਨੂੰ ਪੰਜਾਬ ਵਿਚ ਪੱਕੀ ਰਿਹਾਇਸ਼ ਅਤੇ ਵੋਟ ਦੇਣ ਦੇ ਹੱਕ ਤੋਂ ਵਾਂਝਿਆਂ ਕਰਨ ਦਾ ਨਾਅਰਾ ਲਾ ਰਿਹਾ ਹੈ। ਇਸ ਮਾਮਲੇ ਵਿਚ 'ਕੰਵਲ' ਦੇ ਹਮ-ਖਿਆਲ ਸਾਥੀ ਜਾਂ ਮੋਹਰੀ ਹਨ — ਸ: ਗੁਰਚਰਨ ਸਿੰਘ ਟੌਹੜਾ ਆਦਿਕ ਅਕਾਲੀ ਲੀਡਰ।

ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹੀ ਜਾਂ ਇਹਨਾਂ ਤੋਂ ਪਹਿਲਾਂ ਵਾਲੇ ਅਕਾਲੀ ਲੀਡਰ ਹੀ ਸਨ ਜਿੰਨ੍ਹਾਂ ਨੇ ਪੂਰਬੀ ਪੰਜਾਬ ਦੀ ਪਿਛਲੀ ਵੰਡ (1965) ਮੋਰਚੇ ਲਾ ਕੇ ਕਰਵਾਈ ਅਤੇ ਹਰਿਆਣਾ ਬਣਵਾਇਆ ਸੀ। ਹਰਿਆਣੇ ਲਈ ਕਿਸੇ ਨੇ ਮੋਰਚੇ ਨਹੀਂ ਲਾਏ; ਸਗੋਂ ਅਕਾਲੀਆਂ ਨੇ ਆਪ ਪੰਜਾਬੀ ਇਲਾਕਿਆਂ ਸਮੇਤ ਹਰਿਆਣਾ ਥਾਲੀ ਵਿਚ ਪਰੋਸ ਕੇ ਬੰਸੀ ਲਾਲ, ਭਜਨ ਲਾਲ ਆਦਿਕ ਨੂੰ ਦਿੱਤਾ ਹੈ ਅਤੇ ਕਾਂਗੜੇ, ਕੁੱਲੂ ਆਦਿ ਇਲਾਕੇ ਹਿਮਾਚਲ ਪ੍ਰਦੇਸ਼ ਨੂੰ। ਇਸ ਕਾਣੀ-ਵੰਡ ਵਿਚ ਹਰਿਆਣੇ ਅਤੇ ਹਿਮਾਚਲ ਪ੍ਰਦੇਸ਼ ਦੇ ਪੰਜਾਬੀ ਬੋਲਦੇ ਲੋਕਾਂ (ਬਹੁਗਿਣਤੀ ਸਿੱਖ ਕਿਸਾਨ) ਦੇ ਹਿਤਾਂ ਦੀ ਸਿੱਧੀ ਬਲੀ ਦਿਤੀ ਗਈ ਸੀ। ਇਹ ਸਾਰਾ ਕੁਝ ਵਜ਼ੀਰੀਆਂ ਅਤੇ ਸਪੀਕਰੀ ਦੇ ਲੋਭ ਲਈ ਹੀ ਕੀਤਾ ਗਿਆ ਸੀ। ਕੁਰਸੀਆਂ ਲਈ ਅਕਾਲੀ ਅਤੇ ਕਾਂਗਰਸੀ ਕਈ ਵਾਰ ਇਕੱਠੇ ਹੋਏ, ਕਈ ਵਾਰ ਵਿਛੜੇ। ਇਸ ਜੋੜ-ਤੋੜ ਖਾਤਰ ਕਈ ਮੋਰਚੇ ਲਾਏ ਗਏ; ਉਨ੍ਹਾਂ ਲਈ ਲੱਖਾਂ, ਕਰੋੜਾਂ ਰੁਪਏ ਲੋਕਾਂ ਤੋਂ ਬਟੋਰੇ ਗਏ। ਭੋਲੇ ਲੋਕਾਂ ਨੇ ਤਨ, ਮਨ, ਧਨ ਦੀਆਂ ਬੇਮਿਸਾਲ ਕੁਰਬਾਨੀਆਂ ਦਿੱਤੀਆਂ, ਪਰ ਲੀਡਰਾਂ ਨੇ ਅੰਤ ਨੂੰ ਸ਼ਰਮਨਾਕ ਸਮਝੌਤੇ ਕੀਤੇ। ਇਕੱਠੇ ਕੀਤੇ ਫੰਡਾਂ ਦਾ ਹਿਸਾਬ ਕਦੇ ਨਹੀਂ ਦਿੱਤਾ ਗਿਆ।

ਹੁਣ ਚੱਲ ਰਹੇ ਅਕਾਲੀ ਮੋਰਚੇ ਵਿਚ ਸਾਰੇ ਭਾਰਤ ਦੇ ਦੂਜੇ ਸੂਬਿਆਂ ਵਿਚ ਰਹਿਣ ਵਾਲੇ ਪੰਜਾਬੀਆਂ (ਬਹੁਗਿਣਤੀ ਸਿੱਖ) ਦੇ ਹਿਤਾਂ ਦੀ ਸਿੱਧੀ ਬਲੀ ਦਿਤੀ ਜਾ ਰਹੀ ਹੈ ਜਿਵੇਂ 'ਕੰਵਲ' ਦੇ ਕਥਨ ਅਨੁਸਾਰ ਭਾਰਤ ਦੀ ਵੰਡ ਵੇਲੇ ਮਾਸਟਰ ਤਾਰਾ ਸਿੰਘ ਆਦਿ ਨੇ 'ਸਿੱਖ ਹੋਮਲੈਂਡ' ਸਰਦਾਰ ਬਲਦੇਵ ਸਿੰਘ ਦੀ ਟਾਟਾ ਨਗਰ ਦੀ ਕਾਰਖਾਨੀ ਉਤੋਂ ਕੁਰਬਾਨ ਕਰ ਦਿਤਾ ਸੀ।' ਮੈਂ ਇਹ ਹਵਾਲਾ ਸਿਰਫ਼ 'ਕੰਵਲ' ਦੀ ਯਾਦ ਤਾਜ਼ਾ ਕਰਵਾਉਣ ਦੇ ਲਈ ਦੇ ਰਿਹਾ ਹਾਂ। ਇਹ ਮੇਰੇ ਨਹੀਂ, 'ਕੰਵਲ' ਦੇ ਆਪਣੇ ਵਿਚਾਰ ਹਨ।

ਭਾਰਤ ਦੀ ਵੰਡ ਵੇਲੇ ਅਤੇ ਉਸ ਤੋਂ ਪਿੱਛੋਂ ਦਾ ਇਹ ਇਤਿਹਾਸ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿਉਂਕਿ ਇਹ ਸ਼ਾਇਦ ਛੇਤੀ ਹੀ ਫਿਰ ਦੁਹਰਾਇਆ ਜਾਵੇਗਾ। ਹੁਣ ਵੀ ਸਰਕਾਰ ਨਾਲ ਗੱਲਬਾਤ ਕਰਦੇ ਇਕ ਮੁਖੀ-ਅਕਾਲੀ-ਬੁਲਾਰੇ (ਸਾਬਕ ਕਾਂਗਰਸੀ/ ਅਕਾਲੀ ਵਜ਼ੀਰ) ਸ: ਬਲਵੰਤ ਸਿੰਘ ਦੇ ਇਰਾਕ ਵਿਚਲੇ ਵਪਾਰਿਕ ਹਿਤਾਂ ਦੀ ਰਾਖੀ ਸ੍ਰੀ ਮਤੀ ਇੰਦਰਾ ਗਾਂਧੀ ਆਪ ਕਰਦੀ ਹੈ। ਇਸ ਖਾਤਰ ਉਹ ਇਰਾਕ ਦੇ ਵੱਡੇ ਲੀਡਰਾਂ ਨੂੰ ਫੋਨ ਕਰ ਜਾਂ ਕਰਵਾ ਚੁੱਕੀ ਹੈ। ਯਾਦ ਰਹੇ ਕਿ ਸ: ਬਲਵੰਤ ਸਿੰਘ ਦੇ ਇਰਾਕ ਵਿੱਚ ਸਸਤੀ ਭਾਰਤੀ ਲੇਬਰ ਸਪਲਾਈ ਕਰਨ ਦੇ ਜਾਂ ਉਸਾਰੀ ਦੇ ਕਰੋੜਾਂ ਰੁਪਏ ਸਾਲਾਨਾ ਮੁਨਾਫ਼ੇ ਵਾਲੇ ਠੇਕੇ ਹਨ। ਕਈ ਤੱਦਰ ਪੁਰਸ਼ਾਂ ਦੇ ਵਿਰੁਧ ਸਮਗਲਿੰਗ ਦੇ ਕੇਸ ਹਕੂਮਤ ਤੋਰਦੀ ਜਾਂ ਲਟਕਦੇ ਰੱਖਦੀ ਹੈ।

ਸਦਾ ਪੰਜਾਬੀ ਦੀ ਦੁਹਾਈ ਦੇਣ ਵਾਲੇ ਅਕਾਲੀਆਂ ਦੀ 'ਬਾਦਲ ਸਰਕਾਰ' ਨੇ ਵੀ ਪੰਜਾਬ ਵਿਚ ਪੰਜਾਬੀ ਬੋਲੀ ਪੂਰੇ ਤੌਰ ਉਤੇ ਸਰਕਾਰੀ-ਬੋਲੀ ਵਜੋਂ ਲਾਗੂ ਨਹੀਂ ਕੀਤੀ ਸੀ। ਸਗੋਂ, ਹੋ ਸਕਦਾ ਹੈ ਕਿ ਅਕਾਲੀ ਵਜ਼ੀਰਾਂ ਦੀ ਬਹੁਗਿਣਤੀ ਦੇ ਬੱਚੇ, ਪਬਲਿਕ ਸਕੂਲਾਂ ਦੇ ਵਿਦਿਆਰਥੀ ਹੋਣ ਕਰਕੇ ਪੰਜਾਬੀ ਪੜ੍ਹ ਜਾਂ ਲਿਖ ਹੀ ਨਾ ਸਕਦੇ ਹੋਣ। ਵਜ਼ੀਰਾਂ ਦੇ ਬੱਚੇ ਪਿੰਡਾਂ ਦੇ ਆਮ ਸਕੂਲਾਂ ਵਿਚ ਕਿੱਥੇ ਪੜ੍ਹਦੇ ਹਨ! ਇਹ 'ਘਟੀਆ' ਸਕੂਲ ਤਾਂ ਆਮ ਲੋਕਾਂ ਲਈ ਹਨ। ਹਾਂ, ਪੰਜਾਬ ਦੇ ਜੁਝਾਰ ਨਕਸਲੀ ਸਭ ਤੋਂ ਵੱਧ ਬਾਦਲ ਸਰਕਾਰ ਨੇ ਹੀ ਝੂਠੇ ਪੁਲਸ ਮੁਕਾਬਲੇ ਬਣਾ ਕੇ ਮਾਰੇ ਸਨ, ਜਿੰਨ੍ਹਾਂ ਦੀ ਲਿਸਟ ਅਕਾਲ ਤਖਤ ਤੋਂ ਸਹੁੰ ਚੁਕ ਕੇ ਸਰਕਾਰ ਨੂੰ ਦੇਣ ਬਾਰੇ 'ਕੰਵਲ' ਆਪ ਬਿਆਨ-ਬਾਜ਼ੀ ਕਰ ਚੁੱਕਾ ਹੈ।

ਆਓ! ਹੁਣ ਸੋਚੀਏ ਕਿ ਅਗਾਂਹ-ਵਧੂ ਹੋਣ ਦੀ ਸ਼ੁਹਰਤ ਉਤੇ ਮਾਣ ਕਰਨ ਵਾਲਾ ਅਤੇ ਹਰ ਘੜੀ ਮਾਰਕਸਿਜ਼ਮ ਦੀਆਂ ਫੂਕਾਂ ਦੁਹਰਾਉਣ ਵਾਲਾ ਸਾਹਿਤਕਾਰ ਜਸਵੰਤ ਸਿੰਘ 'ਕੰਵਲ' ਅੱਜ ਕੱਲ੍ਹ ਅਕਾਲੀ ਲੀਡਰਾਂ ਨਾਲ ਕਿਉਂ "ਡਟਕੇ" ਖੜ੍ਹਾ ਹੈ? ਇਸ ਦੇ ਅਸਲ ਕਾਰਨ ਸ਼ਾਇਦ ਰਾਜਨੀਤਕ ਘੱਟ ਅਤੇ ਨਿੱਜੀ ਜਾਂ ਮਨੋਵਿਗਿਆਨਕ ਵਧੇਰੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ 'ਕੰਵਲ' ਦੇ ਮੁਢਲੇ ਨਾਵਲਾਂ ਦਾ ਯੋਗਦਾਨ ਕਈ ਸਮਾਜਿਕ ਪੱਖਾਂ ਵਿਚ ਅਗਾਂਹ-ਵਧੂ ਹੈ ਪਰ ਜੋ ਕੁਝ ਆਪਣੀਆਂ ਲਿਖਤਾਂ ਵਿਚ ਉਹ ਪਰਚਾਰਦਾ ਰਿਹਾ, ਸਮਾਂ ਆਉਣ ਉੱਤੇ ਉਸਨੇ ਆਪ ਅਮਲ ਉਸਦੇ ਬਿਲਕੁਲ ਉਲਟ ਕੀਤੇ। ਉਸਦੀ ਐਮ.ਏ. ਪਾਸ ਨੌਜਵਾਨ ਧੀ ਨੇ ਜਦੋਂ ਆਪਣੀ ਚੋਣ ਦੇ ਵਰ ਨਾਲ ਵਿਆਹ ਕਰਨ ਦੀ ਸਨਿਮਰ ਆਗਿਆ ਮੰਗੀ ਤਾਂ ਉਹ ਮੁਚੱਜੀ ਧੀ ਵਹਿਸ਼ਿਆਨਾ ਢੰਗ ਨਾਲ ਕਤਲ ਕਰ ਦਿਤੀ ਗਈ ਕਿਉਂਕਿ ਉਸਦਾ ਚੁਣਿਆ ਵਰ ਜੱਟ ਨਹੀਂ, ਰਾਮਗੜ੍ਹੀਆ ਬਰਾਦਰੀ ਦਾ ਸੀ। ਇਸ਼ਕ ਦੀਆਂ ਕਹਾਣੀਆਂ ਲਿਖ ਕੇ ਖੱਟੀ ਕਰਨ ਵਾਲਾ 'ਕੰਵਲ' ਆਪਣੇ ਟੱਬਰ ਵਿਚੋਂ ਇਹ ਹੱਕ ਸਿਰਫ਼ ਆਪਣੇ ਆਪ ਨੂੰ ਹੀ ਦਿੰਦਾ ਹੈ। ਆਪਣੀ ਧੀ ਦੇ ਕਤਲ ਸਬੰਧੀ ਉਸਦੇ ਸਟੈਂਡ ਅਤੇ ਉਸ ਤੋਂ ਪਿੱਛੋਂ ਦੇ ਉਸਦੇ ਆਪਣੇ ਕੁਝ ਹੋਰ ਨਿੱਜੀ ਅਮਲਾਂ ਨੂੰ ਕੁਦਰਤੀ ਤੌਰ ਉਤੇ ਸਮਾਜੀ ਪਰਵਾਨਗੀ ਕਦੇ ਨਹੀਂ ਮਿਲੀ।

ਉਸ ਕਤਲ ਤੋਂ ਪਿੱਛੋਂ 'ਕੰਵਲ' ਦੇ ਸਾਰੇ ਪਬਲਿਕ ਸਟੈਂਡ ਇਸ ਸਮਾਜਿਕ-ਪਰਵਾਨਗੀ ਦੇ ਛਲੇਡੇ ਨੂੰ ਫੜਨ ਲਈ ਲਾਏ ਤਰਲੇ ਹਨ। ਚਾਹੇ ਉਸਨੇ ਸਰਕਾਰੀ ਇਨਾਮ ਮੋੜਿਆ ਜਾਂ ਨਕਸਲੀ ਸ਼ਹੀਦਾਂ ਨੂੰ ਮੁਆਵਜ਼ਾ ਦਿਵਾਉਣ ਦਾ ਨਾਅਰਾ ਲਾਇਆ ਜਾਂ ਬਲਰਾਜ ਸਾਹਨੀ ਅਤੇ ਬਾਬਾ ਬਲਵੰਤ ਵਰਗੇ ਵਧੀਆ ਇਨਸਾਨਾਂ ਦੇ ਨਾਂ ਉਤੇ ਆਪ ਸਾਹਿਤਕ ਇਨਾਮ ਦੇਣੇ ਸ਼ੁਰੂ ਕੀਤੇ; ਮੋਹਰੀ

ਬਣਕੇ ਜਾਂ ਮੌਕਾ ਪ੍ਰਸਤਾਂ ਨਾਲ ਰਲਕੇ ਵਿਸ਼ਵ ਪੰਜਾਬੀ ਸੰਮੇਲਨਾਂ ਦਾ ਪ੍ਰਧਾਨ ਰਹਿਆ ਜਾਂ ਹੁਣ ਭੱਈਆਂ ਤੋਂ ਪੰਜਾਬ ਵਿਚ ਪੱਕੀ ਰਿਹਾਇਸ਼ ਜਾਂ ਵੋਟ ਦਾ ਹੱਕ ਖੋਹਣ ਦਾ ਨਾਅਰਾ ਲਾਇਆ ਹੈ। 'ਕੰਵਲ' ਦੀ ਦਲੀਲਬਾਜ਼ੀ ਅਨੁਸਾਰ ਤਾਂ ਉਹ ਗੁਰੂ ਗੋਬਿੰਦ ਸਿੰਘ ਨੂੰ ਵੀ ਪੰਜਾਬ ਵਿਚ ਵੋਟ ਦੇਣ ਦਾ ਹੱਕ ਨਾ ਦਿੰਦਾ; ਨਾ ਆਨੰਦਪੁਰ ਵਿਚ ਪੱਕਾ ਵਸਣ ਦਿੰਦਾ ਕਿਉਂਕਿ ਗੁਰੂ ਸਾਹਿਬ ਦਾ ਜਨਮ ਵੀ, ਬਹੁਤੇ ਭਈਆਂ ਵਾਲੇ ਸੂਬੇ - ਬਿਹਾਰ ਵਿਚ ਪਟਨੇ ਸਾਹਿਬ ਹੀ ਹੋਇਆ ਸੀ।

ਅਸਲ ਵਿਚ 'ਕੰਵਲ' ਦੇ ਮਾਰਕਸੀ ਮਖੌਟੇ ਹੇਠਲਾ 'ਜੱਟ ਸਿੱਖ ਅਕਾਲੀ' ਕਦੇ ਵੀ ਮਰਿਆ ਨਹੀਂ, ਨਾ ਪੂਰੀ ਤਰ੍ਹਾਂ ਲੁਕਿਆ ਹੈ। ਉਸਦੇ ਅੰਦਰ ਦਾ ਸੱਚ ਇਹੀ ਹੈ। ਉਸਦੇ ਅਮਲ ਵੀ ਐਨ ਜੱਟਵਾਦੀ ਅਤੇ ਜਾਗੀਰਦਾਰਾਨਾ ਹਨ। ਉਹ ਲੋਕਾਂ ਨੂੰ ਆਪਣੀਆਂ ਲਿਖਤਾਂ ਵਿਚ ਇਸ਼ਕ ਦਾ ਪਰਚਾਰ ਕਰਦਾ ਹੈ ਕਿਉਂਕਿ ਇਹ ਸੌਦਾ ਵਿਕਦਾ ਹੈ। ਉਹ ਆਪ ਇਸ਼ਕ ਕਰਦਾ ਹੈ ਕਿਉਂਕਿ ਇਹ ਉਸਨੂੰ ਆਨੰਦ ਦਿੰਦਾ ਹੈ। ਪਰ ਇਹ ਹੱਕ ਉਹ ਆਪਣੇ ਘਰ ਵਿਚ ਹੋਰ ਕਿਸੇ ਨੂੰ ਨਹੀਂ ਦਿੰਦਾ।

ਜਾਪਦਾ ਹੈ ਕਿ 'ਕੰਵਲ' ਦਾ ਅਰਧ-ਚੇਤਨ ਸ਼ਾਇਦ ਆਪਣੇ ਬਾਰੇ ਹੋ ਰਹੀ ਵਿਰੋਧੀ-ਚਰਚਾ 'ਚੋਂ ਵੀ ਸੁਆਦ ਲੈਂਦਾ ਹੋਵੇਗਾ। ਇਹ ਵੀ ਮਸ਼ਹੂਰੀ ਦਾ ਇਕ ਤਰੀਕਾ ਹੈ: "ਬਦਨਾਮ ਭੀ ਹੋਂਗੇ ਤੋ ਕਿਆ ਨਾਮ ਨਾ ਹੋਗਾ।"

'ਕੰਵਲ' ਨੂੰ ਚਾਹੀਦਾ ਹੈ ਕਿ ਉਹ ਆਪਣੇ ਅਣਸਮਾਜਿਕ ਅਮਲਾਂ ਦੀ ਸਮਾਜਿਕ-ਪਰਵਾਨਗੀ ਲਈ ਤਰਲੇ ਲੈਣੇ ਛੱਡੇ। ਆਪਣੇ ਅੰਦਰ ਈਮਾਨਦਾਰੀ ਨਾਲ ਝਾਕਣ ਦਾ 'ਜੇਰਾ' ਕਰੇ ਕਿ ਉਸਦੇ ਅੰਦਰਲੀ 'ਮਾਨੁੱਖਤਾ' ਕਿੱਧਰ ਨੂੰ 'ਮੋੜਾ' ਕੱਟ ਗਈ ਹੈ? ਆਪਣੀ ਆਤਮਾ ਤੋਂ ਪੁੱਛ ਕੇ ਫ਼ੈਸਲਾ ਕਰੇ, ਕਿ ਉਸਦੇ ਅੰਦਰ 'ਪੂਰਨਮਾਸ਼ੀ' ਹੈ ਜਾਂ 'ਰਾਤ ਬਾਕੀ ਹੈ'? ਲੋਕ ਅੰਨ੍ਹੇ ਨਹੀਂ; ਉਹ ਲਿਖਤਾਂ ਤੋਂ ਵੱਖ, ਅਮਲ ਵੇਖਦੇ ਹਨ ਕਿ 'ਸੱਚ ਨੂੰ ਫਾਂਸੀ' ਕਿਸ ਨੇ ਦਿਤੀ ਹੈ 'ਲੋਅ ਦਾ ਲਹੂ' ਕਿਸਨੇ ਵਗਾਇਆ ਹੈ?

ਜੇ 'ਕੰਵਲ' ਕੁਝ ਚਿਰ ਲਈ ਫਾਰਮੂਲਾ-ਨਾਵਲ ਲਿਖਣੇ ਛੱਡ ਵੀ ਦੇਵੇ ਤਾਂ ਹੋਰ ਵੀ ਚੰਗਾ ਹੈ। ਉਸਨੂੰ ਪ੍ਰਾਸ਼ਚਿਤ ਕਰਨ ਲਈ ਵੇਹਲ ਮਿਲ ਸਕੇਗਾ। ਉਸਦੇ ਦਰਦ ਦਾ ਇਲਾਜ ਉਸਦੇ ਆਪਣੇ ਅੰਦਰ ਹੈ।

'ਆਪਨੜੇ ਗਰੀਬਾਨ ਮੇਂ ਸਿਰ ਨੀਵਾਂ ਕਰ ਦੇਖ।'

• (VANCOUVER, B.C.)

---

## ੩. ਜਦੋਂ ਜ਼ਮੀਰ ਜਾਗਦੀ ਹੈ (ਸੰਖਿਪਤ)

ਜ਼ਮੀਰ ਜਾਗਣ ਦਾ ਮਸਲਾ ਇਕ ਬਹੁਤ ਗੰਭੀਰ ਮਸਲਾ ਹੈ। ਕੁਝ ਵਰ੍ਹੇ ਪਹਿਲਾਂ ਹਿੰਦੁਸਤਾਨ ਵਿੱਚ ਸਮੇਂ ਦੀ ਸਰਕਾਰ ਨੇ ਐਮਰਜੈਂਸੀ ਵਰਗਾ ਇੱਕ ਭਿਆਨਕ ਕਾਨੂੰਨ ਬਣਾ ਕੇ ਲੋਕਾਂ ਦੀ ਨਿੱਜੀ ਆਜ਼ਾਦੀ ਦਾ ਸ਼ਰੇ-ਆਮ ਮਜ਼ਾਕ ਉਡਾਇਆ। ਪੰਜਾਬੀ ਲੇਖਕਾਂ ਦੀ ਜ਼ਮੀਰ ਜਾਗੀ। ਅੰਮ੍ਰਿਤਾ ਪ੍ਰੀਤਮ, ਖੁਸ਼ਵੰਤ ਸਿੰਘ ਅਤੇ ਅਜਿਹੇ ਹੋਰ ਬਹੁਤ ਸਾਰੇ ਲੇਖਕਾਂ ਨੇ ਅਜਿਹੇ ਭਿਆਨਕ ਕਾਨੂੰਨ ਦੀ ਤਾਰੀਫ਼ ਦੇ ਗੁਣ ਗਾਏ ਅਤੇ ਸਮੇਂ ਦੀ ਸਰਕਾਰ ਦੀਆਂ ਲੋਕ-ਦੁਸ਼ਮਣ ਨੀਤੀਆਂ ਦੀ ਸਰਾਹਣਾ ਕੀਤੀ। ਪਰ ਸੰਤ ਸਿੰਘ ਸੇਖੋਂ ਅਤੇ ਅਜਿਹੇ ਹੋਰ ਕੁਝ ਲੇਖਕਾਂ ਦੀ ਵੀ ਜ਼ਮੀਰ ਜਾਗੀ। ਇਨ੍ਹਾਂ ਨੇ ਖੁੱਲੇ ਆਮ ਅਜਿਹੇ ਲੋਕ-ਵਿਰੋਧੀ ਕਾਨੂੰਨ ਦੀ ਵਿਰੋਧਤਾ ਕੀਤੀ। ਪੰਜਾਬੀ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਵੀ ਐਲਾਨ ਕੀਤਾ ਕਿ ਉਨ੍ਹਾਂ ਦੀ ਜ਼ਮੀਰ ਜਾਗ ਪਈ ਹੈ ਅਤੇ ਉਨ੍ਹਾਂ ਨੇ ਨਕਸਲਵਾਦੀ ਲਹਿਰ ਨਾਲ ਸੰਬੰਧਤ ਇੱਕ ਇਤਿਹਾਸਕ ਦਸਤਾਵੇਜ਼ ਤਿਆਰ ਕੀਤਾ। ਇਸ ਦਸਤਾਵੇਜ਼ ਦੇ ਫਲ ਸਰੂਪ ਪੰਜਾਬੀ ਨਾਵਲਕਾਰ ਨੂੰ ਲੋਕਾਂ ਵੱਲੋਂ ਕਾਫ਼ੀ ਲੋਕ ਪ੍ਰੀਯਤਾ ਮਿਲੀ ਅਤੇ ਹਰ ਤਰਾਂ ਦਾ ਮਾਣ-ਤਾਣ ਵੀ।

ਸਾਡੇ ਨਾਵਲਕਾਰ ਦੀ ਹੁਣ ਇਕ ਵੇਰ ਫੇਰ ਜ਼ਮੀਰ 'ਜਾਗੀ' ਹੈ। ਉਹ ਸੰਤ ਭਿੰਡਰਾਂਵਾਲੇ ਵਰਗੇ ਫਾਸਿਸਟਾਂ ਦੇ ਹੱਕ ਵਿੱਚ ਦਲੀਲਾਂ ਦੇ ਰਿਹਾ ਹੈ। ਪਰ ਕੀ ਏਨਾ ਵੱਡਾ ਪਰਿਵਰਤਨ ਕਿਸੇ ਲੇਖਕ ਵਿਚ ਇੱਕ ਦਿਨ ਵਿਚ ਹੀ ਵਾਪਰ ਜਾਂਦਾ ਹੈ? ਸ਼ਾਇਦ ਨਹੀਂ! ਸਾਡਾ ਨਾਵਲਕਾਰ ਵੀ ਧਰਮ ਉੱਤੇ ਆਧਾਰਤ ਰਾਜਨੀਤੀ ਦਾ ਹੀ ਪੈਰੋਕਾਰ ਰਹਿ ਚੁੱਕਾ ਹੈ ਅਤੇ ਜਿਸ ਦੇ ਜਰਮ ਸਾਡੇ ਲੇਖਕ ਦੇ ਅੰਦਰੋਂ ਕਦੀ ਵੀ ਮਰੇ ਨਹੀਂ। ਸਿਰਫ਼ ਪ੍ਰਗਤੀਵਾਦ ਦੇ ਓਪਰੇਪਨ ਹੇਠ ਕੁਝ ਦੇਰ ਲਈ ਲੁਕੇ ਜ਼ਰੂਰ ਰਹੇ ਹਨ। ਜਿਸਦਾ ਪ੍ਰਗਟਾਵਾ ਸਾਡੇ ਲੇਖਕ ਨੇ ਆਪਣੀ ਇਕ ਲਿਖਤ 'ਅਕਾਲੀ ਨੇਤਾਵਾਂ ਦੇ ਨਾਂ ਖੁਲ੍ਹੀ ਚਿੱਠੀ' (ਇੰਡੋ ਕਨੇਡੀਅਨ ਟਾਇਮਜ਼, 22 ਜਨਵਰੀ 82) ਵਿੱਚ ਵੀ ਕੀਤਾ ਹੈ। ਸਾਡੇ ਨਾਵਲਕਾਰ ਨੇ ਬੜੇ ਮਾਣ ਨਾਲ ਲਿਖਿਆ ਹੈ ਕਿ "ਸਿੱਖ ਸਟੇਟ ਦੇ ਕਿਤਾਬਚੇ ਦਾ ਪੰਜਾਬੀ ਤਰਜਮਾ...ਦਾਸ ਨੇ ਕੀਤਾ ਸੀ"।

ਪਰ ਕੀ ਅਜਿਹਾ ਦੁਨੀਆਂ ਦੇ ਹੋਰ ਸਾਹਿਤਕ ਖੇਤਰਾਂ ਵਿੱਚ ਵੀ ਵਾਪਰਦਾ ਹੈ? ਨਾਰਵੇ ਦੇ ਸਰਵਸ੍ਰੇਸ਼ਟ ਨਾਵਲਕਾਰ ਨੁਟ ਹੈਮਸਨ ਦੇ ਪਹਿਲੇ ਹੀ ਨਾਵਲ, 'ਭੁੱਖ' ਨੇ ਉਸ ਨੂੰ ਮਸ਼ਹੂਰੀ ਦੀ ਸਿਖ਼ਰ 'ਤੇ ਪੁਚਾ ਦਿੱਤਾ ਸੀ। ਫੇਰ ਤਾਂ ਉਸ ਦੀ ਮਸ਼ਹੂਰੀ ਤੇ ਮਕਬੂਲੀਅਤ ਵਧਦੀਆਂ ਹੀ ਗਈਆਂ। ਕੁਝ ਹੀ ਸਾਲਾਂ ਵਿੱਚ 'ਭੁੱਖ' ਦੇ ਕਈ ਸੰਸਕਰਣ ਛਪੇ।

ਪਰ ਪਹਿਲੀ ਸੰਸਾਰ-ਜੰਗ ਵਿਚ ਜਦ ਨੁਟ ਹੈਮਸਨ ਹਿਟਲਰ ਤੇ ਨਾਜ਼ੀ ਜਰਮਨੀ ਦੇ ਹੱਕ ਵਿੱਚ ਆਵਾਜ਼ ਉਠਾਉਣ ਲੱਗਾ, ਤਾਂ ਉਹ ਆਪਣੇ ਹੀ ਮੁਲਕ ਦਾ ਦੁਸ਼ਮਣ ਬਣ ਗਿਆ। ਲੋਕਾਂ ਦੇ ਦਿਲਾਂ ਵਿੱਚ ਉਸ ਲਈ ਓੜਕ ਦੀ ਘ੍ਰਿਣਾ ਜਾਗੀ, ਤੇ ਉਹਨਾਂ ਨੂੰ ਹੈਰਾਨੀ ਹੋਈ ਕਿ 'ਭੁੱਖ' ਵਰਗੇ ਨਾਵਲ ਦਾ ਲੇਖਕ ਇਸ ਹੱਦ ਤੱਕ ਗੁਮਰਾਹ ਕਿਵੇਂ ਹੋ ਸਕਦਾ ਹੈ।

ਨੁਟ ਹੈਮਸਨ ਨੇ ਆਪਣਾ ਰਵੱਈਆ ਨਹੀਂ ਬਦਲਿਆ ਤੇ ਓਸੇ ਤਰ੍ਹਾਂ ਹਿਟਲਰ ਦੇ ਗੁਣ ਗਾਉਂਦਾ ਰਿਹਾ।

ਅਖ਼ੀਰ ਲੋਕਾਂ ਨੇ ਆਪਣੀ ਨਾਰਾਜ਼ਗੀ ਤੇ ਨਫ਼ਰਤ ਜ਼ਾਹਿਰ ਕਰਨ ਲਈ ਇੱਕ ਤਰੀਕਾ ਸੋਚਿਆ। ਪਹਿਲਾਂ ਤੋਂ ਨੀਅਤ ਕੀਤੇ ਇੱਕ ਦਿਨ ਅਤੇ ਥਾਂ 'ਤੇ ਉਹਨਾਂ ਨੇ ਆਪਣੇ ਘਰਾਂ 'ਚੋਂ 'ਭੁੱਖ' ਦੀਆਂ ਕਾਪੀਆਂ ਲਿਆ ਕੇ ਜਮ੍ਹਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਦ ਉਹਨਾਂ ਦਾ ਬਹੁਤ ਵੱਡਾ ਢੇਰ ਲੱਗ ਗਿਆ, ਤਾਂ ਉਸਨੂੰ ਅੱਗ ਲਾ ਦਿੱਤੀ ਗਈ।

ਪਰ ਕੀ ਸਾਡੇ ਨਾਵਲਕਾਰ ਕੰਵਲ ਦੇ ਪਾਠਕਾਂ ਨੂੰ ਵੀ ਉਸ ਵਿਰੁੱਧ ਆਪਣਾ ਰੋਹ ਪ੍ਰਗਟ ਕਰਨ ਲਈ, ਉਸਦੇ ਇਤਿਹਾਸਕ ਦਸਤਾਵੇਜ਼ 'ਲਹੂ ਦੀ ਲੋਅ' ਦੀਆਂ ਕਾਪੀਆਂ ਇੱਕ ਥਾਂ ਇਕੱਠੀਆਂ ਕਰਕੇ ਹੁਣ ਅਗਨ ਭੇਟ ਕਰਨੀਆਂ ਪੈਣਗੀਆਂ?

('ਆਰਸੀ'/ ਦਸੰਬਰ 83 ਵਿੱਚ ਸੁਖਬੀਰ ਦੀ ਇੱਕ ਲਿਖਤ ਉੱਤੇ ਆਧਾਰਤ)

• (TORONTO, ONTARIO) - 30 ਦਸੰਬਰ 1983



**RED FORT INSURANCE SERVICES**

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

**HARJIT JUDGE**

BUS. 463-9523 RES. 462-2371

Let me look after all your Insurance Needs:

PERSONAL: Fire, Auto, Motor, Tenant Package

LIFE INSURANCE: Mortgage, Disability and Accident & Sickness.

COMMERCIAL: Bonding, Liability, Fires, Crime, Apartment Buildings, Retail Stores, Offices, Machinery, Boilers.



**Millhurst Hair Stylists (Unisex)**

5734 - 19 A AVE, EDMONTON

SPECIALIZED IN:
i) Haircut ii) Blow Dry iii) Colour
iv) Perms v) Henna vi) French Braids

PHONE:

**DARSHAN DHILLON**

FOR APPOINTMENT (463-5012)

**ALLMAKES APPLIANCE & REFRIGERATION**

ਹਰ ਕਿਸਮ ਦੇ
* ਫਰਿਜ਼ - ਸਟੋਵ - ਫਰੀਜ਼ਰ
* ਵਾਸ਼ਰ - ਡਰਾਇਰ - ਡਿਸ਼ਵਾਸ਼ਰ
* ਗਾਰਬੂਰੇਟਰ - ਵਾਟਰ ਟੈਂਕ
* ਫਰਨੈਂਸ
ਦੀ ਤਸੱਲੀ ਬਖਸ਼ ਮੁਰੰਮਤ ਜਾਂ ਖਰੀਦਣ
ਵਾਸਤੇ ਹਮੇਸ਼ਾਂ ਫ਼ੋਨ ਕਰੋ:





**(604) 525-3557**
**24 HR. SERVICE**

**BALDEV DHANJAL**

BURNABY, B.C.

ਬਲਦੇਵ ਧੰਜਲ

**NORTH AMERICAN LIFE offers Non Smokers***

MAKE THAT CALL NOW



SUDESH KALIA

ASSURING
BRIGHT
FINANCIAL
FUTURES

Bus. 685-9335
Res. 254-5837

NORTH AMERICAN LIFE
ASSURANCE COMPANY
ESTABLISHED IN CANADA 1881
320-815-W.Hastings St
Vancouver B.C.
V6C 2W1

## ਸੋਚੋ ਵੇ ਸੋਚੋ

### ਮਨਜੀਤ ਮੀਤ

ਬਚਪਨ ਨਾ ਰੋਲੋ, ਜਵਾਨੀ ਨਾ ਵੇਚੋ।
ਕਹਿਣਾ ਤਾਂ ਮੰਨੋ, ਵੇ ਕੁਝ ਤਾਂ ਸੋਚੋ!
ਬਾਪੂ ਤੇ ਬੇਬੇ ਦੀ ਬੁੱਢੀ ਕਮਰ ਤੋਂ,
ਕਾਵਾਂ ਵਾਂਗੂੰ ਮਾਸ ਨਾ ਨੋਚੋ।
ਸੋਚੋ ਵੇ ਸੋਚੋ, ਸੋਚੋ ਵੇ ਸੋਚੋ।

ਚਾਨਣ ਭਰੀਆਂ ਅੱਥਰੀਆਂ ਰਾਤਾਂ।
ਲਾਲ ਗੁਲਾਲ ਜੇਹੀਆਂ ਪ੍ਰਭਾਤਾਂ।
ਸਭ ਕੁਝ ਦੇ ਕੇ ਸ਼ਾਮ ਨੂੰ ਸਾਨੂੰ,
ਹੰਝੂ ਹੌਕੇ ਮਿਲਣ ਸੌਗਾਤਾਂ।
ਮੋੜ ਦਿਓ ਵੇ, ਮੋੜ ਦਿਓ ਵੇ।

ਰੀਝਾਂ ਨਾ ਵੇਚੋ, ਸੱਧਰਾਂ ਨਾ ਵੇਚੋ।
ਦਮੜੇ ਬਦਲੇ ਸਾਹ ਨਾ ਵੇਚੋ।
ਵੇਚੋ ਨਾ ਵੇ ਸਬਰ ਧੀਆਂ ਦੇ,
ਕਿਸੇ ਕੁੜੀ ਦਾ ਰੂਪ ਨਾ ਵੇਚੋ।
ਠਹਿਰੋ ਵੇ ਠਹਿਰੋ, ਠਹਿਰੋ ਵੇ ਠਹਿਰੋ।

ਲਹੂਆਂ ਦੇ ਵਿਚ ਪਾਣੀ ਨਾ ਪਾਓ।
ਵੇ ਕੋਈ ਖੂਨੀ ਕਹਾਣੀ ਨਾ ਪਾਉ।
ਬਿਨ-ਮੁਕਲਾਈਆਂ ਇੱਜ਼ਤਾਂ ਵੇ ਲੋਕੋ,
ਗੈਰਾਂ ਦੀ ਨਾ ਬਲੀ ਚੜਾਉ।
ਸੁਣਿਉ ਵੇ ਸੁਣਿਉ, ਸੁਣਿਉ ਵੇ ਸੁਣਿਉ।

ਵੇ ਇੱਜ਼ਤਾਂ ਦੀ ਨਾ ਕਰੋ ਨੀਲਾਮੀ।
ਸਾਂਭੋ ਵੇ ਆਪਣੀ ਅਕਲ ਦੀਵਾਨੀ।
'ਲਛਮਣ' ਵਰਗੇ ਭਾਈ ਨਾ ਵੇਚੋ,
ਸਾਂਭ ਲਵੋ 'ਨਥਾ' ਜੇਹੀ ਨਿਸ਼ਾਨੀ।
ਠਹਿਰੋ ਵੇ ਠਹਿਰੋ ਠਹਿਰੋ ਵੇ ਠਹਿਰੋ।

ਬਾਪੂ ਦੀ ਚਿੱਟੀ ਪੱਗ ਨਾ ਰੋਲੋ।
ਕੂੜੇ ਵਿਚੋਂ ਲਾਲ ਨਾ ਟੋਹਲੋ।
ਪੈਸੇ ਦੀ ਹਕੀਕਤ ਜਾਣਨ ਲਈ,
ਯਾਰੋ ਇਤਿਹਾਸ ਦਾ ਵਰਕਾ ਫੋਲੋ।
ਫੋਲੋ ਵੇ ਫੋਲੋ ਫੋਲੋ, ਵੇ ਫੋਲੋ।

ਬੁਰਸ਼ਾਂ ਲਈ ਤੁਸੀਂ ਰੰਗ ਨਾ ਵੇਚੋ।
ਖੇੜਿਆਂ ਦੇ ਹੱਥ ਝੰਗ ਨਾ ਵੇਚੋ।
ਸੋਚ ਲਵੋ ਵੇ ਕਲਾ ਦੇ ਮਾਹਰੋ,
ਡੋਰਾਂ ਲਈ ਪਤੰਗ ਨਾ ਵੇਚੋ।
ਐ ਚਿੱਤ੍ਰਕਾਰੋ, ਐ ਚਿੱਤ੍ਰਕਾਰੋ।

ਡਾਲਰਾਂ ਦੇ ਲਈ, ਗੀਤ ਨਾ ਵੇਚੋ।
ਕਿਸੇ ਚਮਕ ਲਈ, ਮੀਤ ਨਾ ਵੇਚੋ।
ਵੇਚੋ ਨਾ ਜ਼ਮੀਰ ਵੇ ਲੋਕੋ,
ਕਿਸੇ ਹਵਸ ਲਈ ਪ੍ਰੀਤ ਨਾ ਵੇਚੋ।
ਰੁਕ ਜਾਉ ਵੇ, ਰੁਕ ਜਾਉ ਵੇ।

(SURREY, B.C.)

## ਆਸਾਂ ਦੇ ਹਾਣੀ ਨੂੰ

### ਕਿਰਪਾਲ ਕੂਨਰ

●

ਤੇਰੇ ਵਰਗੇ ਨਿਰਛਲ ਦੋਸਤ
ਮੇਰੀ ਪੂੰਜੀ ਮੇਰਾ ਖਜ਼ਾਨਾ
ਭੁੱਲ ਭੁਲਾ ਕੇ ਵਰ੍ਹੇ ਛਿਮਾਹੀ
ਮੈਨੂੰ ਖ਼ਤ ਤੇ ਲਿਖ ਛੱਡਿਆ ਕਰ।
'ਹਿੰਦੂ-ਮੁਸਲਿਮ-ਸਿੱਖ' ਫਸਾਦ
ਮੋਟਾ ਮੋਟਾ ਦੱਸ ਛੱਡਿਆ ਕਰ।
ਮੈਂ ਹਾਲੇ ਪੱਛਮੀ ਨਹੀਂ ਹੋਇਆ
ਮੇਰੇ ਵਿਚਲਾ ਜਿਗਰੀ ਦੋਸਤ
ਸੱਚ ਕਹਿੰਦਾ ਹਾਂ ਅਜੇ ਨਾ ਮੋਇਆ।

ਲਗਦਾ ਮੈਨੂੰ, ਤੇਰੇ ਮਨ ਵਿਚ
ਮੇਰੇ ਬਾਰੇ, ਪੱਛਮ ਬਾਰੇ
ਬੜਾ ਭੁਲੇਖਾ, ਬੜਾ ਹੈ ਓਹਲਾ।
ਕਿਤੇ ਮਿਲੇਂ ਤਾਂ ਸਭ ਦੱਸਾਂਗਾ
ਤੈਨੂੰ ਅਜੇ ਯਕੀਨ ਨਹੀਂ ਆਉਣਾ।

ਕੀ ਨਹੀਂ ਜਰਿਆ, ਕੀ ਨਹੀਂ ਝੱਲਿਆ
ਇਸ ਕਿੱਸੇ ਨੂੰ ਅਜੇ ਨਾ ਫੋਲੀਂ
ਇਹ ਕਿੱਸਾ ਹੈ ਬੜਾ ਲੰਮੇਰਾ।

ਸੁਣਿਐ ਸੰਨ ਸੰਤਾਲੀ ਵਾਲੇ
ਮੁੜ ਕੇ ਬੱਦਲ ਛਾ ਰਹੇ ਨੇ
ਰਾਖੀ ਖੇਤ ਦੀ ਕਰਨੇ ਵਾਲੇ
ਖੁਦ ਪੈਲੀਆਂ ਖਾ ਰਹੇ ਨੇ।
ਹੋਰ ਬੜਾ ਕੁਝ ਹੋ ਰਿਹਾ ਹੋਣਾ
ਕਿਰਤੀ ਅਤੇ ਕਿਸਾਨ ਦੀ ਮਿਹਨਤ
ਮਲਕ ਭਾਗੋ ਅਜੇ ਖੋਹ ਰਿਹਾ ਹੋਣਾ!

ਮੈਨੂੰ ਪੂਰਨ ਆਸ ਹੈ ਐਪਰ
ਤੂੰ ਵੀ ਆਪਣਾ ਫ਼ਰਜ਼ ਪਛਾਣੀਂ।
ਇਕ ਪਾਸੇ ਹੈ ਦੁਸ਼ਮਣ ਢਾਣੀ
ਇਕ ਪਾਸੇ ਹੈ ਮਿੱਤਰ ਢਾਣੀ
ਓ ਮੇਰੀਆਂ ਆਸਾਂ ਦੇ ਹਾਣੀ!
ਬੱਸ, ਤੂੰ ਆਪਣਾ ਫ਼ਰਜ਼ ਪਛਾਣੀਂ !!

(TORONTO, ONTARIO)

ਔਰਤਾਂ ਉੱਤੇ ਤਸ਼ੱਦਦ ਅਤੇ ਵਿਤਕਰੇ ਦੂਰ ਕਰਨ ਲਈ ਸੰਘਰਸ਼ ਕਰ ਰਹੀ ਜਥੇਬੰਦੀ
"ਸਮਾਨਤਾ" ਦੀਆਂ ਸਰਗਰਮੀਆਂ

# ਸਮਾਨਤਾ ਡਾਇਰੀ 1983

ਸੁਰਜੀਤ ਕਲਸੀ (ਸਕੱਤਰ ਸਮਾਨਤਾ)

• 16 ਜਨਵਰੀ 1983 –

ਸਮਾਨਤਾ ਦੀ ਸਾਲਾਨਾ ਮੈਂਬਰਸ਼ਿੱਪ ਮੀਟਿੰਗ ਮੋਬਰਲੀ ਪਾਰਕ ਕਮਿਊਨਿਟੀ ਸੈਂਟਰ ਵਿੱਚ ਹੋਈ। ਡੇਢ ਸੌ ਲੋਕਾਂ ਨੇ ਭਾਗ ਲਿਆ। ਜਿਸ ਵਿੱਚ ਸਮਾਨਤਾ ਦੀ ਨਵੀਂ ਅਗਜ਼ੈਕਟਿਵ ਕਮੇਟੀ ਦੀ ਚੋਣ ਕੀਤੀ ਗਈ: ਪ੍ਰਧਾਨ – ਹਰਬੰਸ ਢਿੱਲੋਂ; ਮੀਤ ਪ੍ਰਧਾਨ – ਰੀਤਾ ਪੁਰੀ; ਸਕੱਤਰ – ਸੁਰਜੀਤ ਕਲਸੀ; ਪੰਜ ਮੈਂਬਰ – ਜਸਬੀਰ ਆਹਲੂਵਾਲੀਆ, ਰਜਿੰਦਰ ਢਿੱਲੋਂ, ਗੁਰਮੇਲ, ਭਵਨੀਤ ਤੇ ਸੁਖਵਿੰਦਰ ਢਿੱਲੋਂ।

• ਫਰਵਰੀ 17 – ਫਾਰਮ ਵਰਕਰਜ਼ ਯੂਨੀਅਨ ਦੀ ਹਿਮਾਇਤ –

ਸਮਾਨਤਾ ਦੇ ਇੱਕ ਪ੍ਰਤੀਨਿੱਧ ਨੇ ਫਾਰਮ ਵਰਕਰਜ਼ ਯੂਨੀਅਨ ਦੇ ਸੰਘਰਸ਼ ਦੀ ਹਿਮਾਇਤ ਵਿੱਚ ਰਾਬਸਨ ਸੁਕੇਅਰ ਵਿੱਚ ਹੋਈ ਹਿਊਮਨ ਰਾਈਟਸ ਕਮਿਸ਼ਨ ਦੀ ਇੱਕ ਰੈਲੀ ਵਿੱਚ ਭਾਗ ਲਿਆ। ਇਸ ਰੈਲੀ ਵਿੱਚ ਹਿਊਮਨ ਰਾਈਟਸ ਕਮਿਸ਼ਨ ਨੇ ਫਾਰਮ ਵਰਕਰਜ਼ ਯੂਨੀਅਨ ਅਤੇ ਡੁਮੈਸਟਿਕ ਵਰਕਰਾਂ ਦੀਆਂ ਮੰਗਾਂ ਦੀ ਹਿਮਾਇਤ ਵਿੱਚ ਆਪਣੀਆਂ ਸਿਫਾਰਸ਼ਾਂ ਦੀ ਇੱਕ ਪ੍ਰੈਸ ਰੀਲੀਜ਼ ਜਾਰੀ ਕੀਤੀ। ਸਮਾਨਤਾ ਹਮੇਸ਼ਾਂ ਹੀ ਫਾਰਮ ਵਰਕਰਜ਼ ਦੇ ਸੰਘਰਸ਼ ਦੀ ਹਮਾਇਤ ਕਰਦੀ ਰਹੇਗੀ।

• ਫਰਵਰੀ 21 – ਭਾਰਤੀ ਔਰਤਾਂ ਦਾ ਸਮਾਜਕ-ਆਰਥਕ ਦਰਜਾ –

ਅੰਤਰ-ਰਾਸ਼ਟਰੀ ਬਿਜ਼ਨੈੱਸ ਐਂਡ ਪ੍ਰੋਫੈਸ਼ਨਲ ਵਿਮਨਜ਼ ਐਸੋਸੀਏਸ਼ਨ ਦੀ ਕਾਨਫਰੰਸ ਦੇ ਇਕ ਸਮਾਗਮ ਵਿਚ ਸਮਾਨਤਾ ਨੂੰ ਗੈਸਟ ਸਪੀਕਰ ਦੇ ਤੌਰ 'ਤੇ ਸੱਦਿਆ ਗਿਆ। ਇਸ ਸਮਾਗਮ ਵਿਚ ਸਮਾਨਤਾ ਦੀ ਪ੍ਰਤੀਨਿਧ ਨੇ 25 ਮਿੰਟ ਦਾ ਮੁੱਖ ਭਾਸ਼ਣ ਦਿੱਤਾ ਜਿਸ ਦਾ ਮੁੱਖ ਵਿਸ਼ਾ ਸੀ: ਭਾਰਤੀ ਔਰਤਾਂ ਦਾ ਸਮਾਜਕ-ਆਰਥਕ ਦਰਜਾ, ਜੋ ਕਿ ਇਤਿਹਾਸਕ ਪ੍ਰਕਰਣ ਵਿਚ ਪੇਸ਼ ਕੀਤਾ ਗਿਆ। ਇਹ ਸਮਾਨਤਾ ਵਾਸਤੇ ਬੜੇ ਮਾਣ ਵਾਲੀ ਗੱਲ ਹੈ। ਇਹ ਸਮਾਗਮ ਹਾਲੀਡੇ ਇਨ, ਵੈੱਸਟ ਬ੍ਰਾਡਵੇ ਉੱਤੇ ਹੋਇਆ।

• ਫਰਵਰੀ 25 – ਔਰਤਾਂ ਉਤੇ ਤਸ਼ੱਦਦ ਬਾਰੇ ਵਰਕਸ਼ਾਪ –

ਸਮਾਨਤਾ ਵੱਲੋਂ ਲਿਟਲ ਮਾਊਂਨਟੇਨ ਨੇਬਰਹੁੱਡ ਹਾਊਸ ਵਿਚ ਇਕ ਵਰਕਸ਼ਾਪ ਦਾ ਪ੍ਰਬੰਧ ਕੀਤਾ ਗਿਆ ਜਿਸ ਦਾ ਮੁੱਖ ਵਿਸ਼ਾ ਸੀ – ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਦੀ ਕਿਵੇਂ ਮੱਦਦ ਕਰੀਏ? ਇਸ ਵਿਚ ਸਮਾਨਤਾ ਦੇ ਮੈਂਬਰਾਂ ਵੱਲੋਂ ਕੁਝ ਪੇਪਰ ਪੜ੍ਹੇ ਗਏ ਜਿਵੇਂ ਕਿ 'ਤਸ਼ੱਦਦ ਕਿੰਨੀ ਪ੍ਰਕਾਰ ਦਾ ਹੈ?' 'ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਦੀ ਸਥਿਤੀ' ਅਤੇ 'ਉਸਨੂੰ ਕਿਸ ਪ੍ਰਕਾਰ ਦੀ ਸਹਾਇਤਾ ਸੇਵਾ ਚਾਹੀਦੀ ਹੈ?' ਇਹ ਵਰਕਸ਼ਾਪ ਉਨ੍ਹਾਂ ਵਰਕਸ਼ਾਪਾਂ ਦੀ ਲੜੀ ਵਿਚੋਂ ਪਹਿਲੀ ਸੀ, ਜਿਹੜੀ ਕਿ ਸਮਾਨਤਾ ਨੇ ਇਸ ਸਾਲ ਵਿਚ ਔਰਤਾਂ ਉਤੇ ਤਸ਼ੱਦਦ ਦੀ ਸਮੱਸਿਆ ਨੂੰ ਲੈ ਕੇ ਕਰਵਾਉਣ ਦਾ ਫੈਸਲਾ ਕੀਤਾ ਹੈ।

• ਮਾਰਚ 8 –

ਸਮਾਨਤਾ ਨੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਦੀਆਂ ਸਰਗਰਮੀਆਂ ਵਿਚ ਭਾਗ ਲਿਆ ਤੇ 6 ਮਾਰਚ ਨੂੰ ਟਪਰ ਸਕੂਲ, ਵੈਨਕੂਵਰ ਵਿਚ 'ਜਾਣਕਾਰੀ ਬੂਥ' ਲਾਇਆ। ਇਸ ਮੌਕੇ 'ਤੇ ਭਾਰਤ ਵਿਚ ਦਾਜ ਕਰਕੇ ਮਾਰੀਆਂ ਗਈਆਂ ਔਰਤਾਂ ਦੇ ਮਾਮਲਿਆਂ ਦੀ ਜਾਂਚ ਕਰਵਾਉਣ ਲਈ ਰੱਖੀ ਪਟੀਸ਼ਨ ਉਤੇ ਕੋਈ ਡੇਢ ਸੌ ਤੋਂ ਵੱਧ ਲੋਕਾਂ ਨੇ ਦਸਤਖ਼ਤ ਕੀਤੇ। ਸਮਾਨਤਾ ਦੀ ਪਹਿਲੀ ਨਿਊਜ਼-ਲੈਟਰ ਛਾਪੀ ਤੇ ਵੰਡੀ ਗਈ।

• ਅਪਰੈਲ 23 –

ਭਾਰਤੀ ਔਰਤਾਂ ਲਈ ਆਪਸੀ ਮਿਲ ਬੈਠਣ ਅਤੇ ਵਿਚਾਰ ਸਾਂਝੇ ਕਰਨ ਲਈ ਇਕ ਸ਼ਾਮ ਦਾ ਇੰਤਜ਼ਾਮ ਕੀਤਾ ਗਿਆ, ਜਿਸ ਵਿਚ ਕੋਈ 25 ਔਰਤਾਂ ਨੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ 6 ਅਪਰੈਲ 1983 ਨੂੰ ਵਿਕਟੋਰੀਆ ਵਿਚ ਹੋਏ ਬੀਬੀ ਹਰਤਜਲ ਕੌਰ ਦੇ ਵਹਿਸ਼ੀਆਨਾ ਕਤਲ ਉੱਤੇ ਅਫਸੋਸ ਤੇ ਦੁੱਖ ਪ੍ਰਗਟ ਕੀਤਾ ਅਤੇ ਇਕ ਸ਼ੋਕ-ਮਤਾ ਪਾਸ ਕੀਤਾ।

• ਅਪਰੈਲ 30 –

ਇਸ ਵਰ੍ਹੇ ਦੀ ਪਹਿਲੀ ਮੈਂਬਰਸ਼ਿਪ ਮੀਟਿੰਗ ਲਿਟਲ ਮਾਊਂਨਟੇਨ ਨੇਬਰਹੁੱਡ ਹਾਊਸ ਵਿਚ ਸ਼ਾਮ ਦੇ 6 ਵਜੇ ਹੋਈ। ਪਿਛਲੇ ਕੁਝ ਮਹੀਨਿਆਂ ਵਿਚ ਸਮਾਨਤਾ ਵੱਲੋਂ ਕੀਤੇ ਕੰਮਾਂ ਦਾ ਵੇਰਵਾ ਦਿਤਾ ਗਿਆ। ਕੁਝ ਗੀਤ ਸੰਗੀਤ ਹੋਇਆ ਅਤੇ ਕੁਝ ਕਵੀਆਂ ਨੇ ਕਵਿਤਾਵਾਂ ਪੜ੍ਹੀਆਂ। ਬਾਅਦ ਵਿਚ ਪੋਟਲੱਕ ਖਾਣਾ ਹੋਇਆ। ਪਰਿਵਾਰਾਂ ਦੇ ਆਪਸੀ ਮੇਲ-ਜੋਲ ਤੇ ਵਿਚਾਰ-ਵਟਾਂਦਰੇ ਦੀ ਇਹ ਇਕ ਸਫਲ ਸ਼ਾਮ ਸੀ। ਇਸ ਵਿਚ ਸਮਾਨਤਾ ਦੇ ਕੋਈ ਅੱਸੀ ਮੈਂਬਰ ਸ਼ਾਮਲ ਹੋਏ।

• ਜੂਨ 21 –

ਸਮਾਨਤਾ ਵੱਲੋਂ "ਚੇਤਨਾ" ਡਰਾਮਾ ਪੇਸ਼ ਕੀਤਾ ਗਿਆ। ਇਹ ਪ੍ਰੋਗਰਾਮ ਕੇਮਾਓ ਹਾਲ ਨਿਊ ਵੈੱਸਟਮਿਨਸਟਰ ਵਿਚ ਸ਼ਾਮ ਦੇ ਸੱਤ ਵਜੇ ਹੋਇਆ, ਜਿਸਨੂੰ ਕੋਈ 200 ਦੇ ਕਰੀਬ ਲੋਕਾਂ ਨੇ ਵੇਖਿਆ। ਇਸ ਮੌਕੇ 'ਤੇ ਨਾਟਕਕਾਰ ਗੁਰਸ਼ਰਨ ਸਿੰਘ ਹੋਰਾਂ ਦੇ ਗਰੁੱਪ ਨੇ ਡਰਾਮਾ "ਅਹਿਸਾਸ" ਪੇਸ਼ ਕੀਤਾ।

● ਜੁਲਾਈ 17 – ਸਮਾਨਤਾ ਵੱਲੋਂ ਭਾਰਤੀ ਔਰਤਾਂ ਦੀ ਇਕੱਤਰਤਾ –

ਵੱਖ ਵੱਖ ਥਾਵਾਂ, ਸਰੀ, ਡੈੱਲਟਾ, ਵੈਨਕੂਵਰ, ਕੁਕਿਟਲਮ, ਰਿਚਮੰਡ ਆਦਿ ਤੋਂ ਕੋਈ 25 ਔਰਤਾਂ ਸ਼ਾਮਲ ਹੋਈਆਂ ਜਿਨ੍ਹਾਂ-ਤਸ਼ੱਦਦ ਦੀ ਸਥਿਤੀ ਤੇ ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਦੀ ਕਿਵੇਂ ਸਹਾਇਤਾ ਕੀਤੀ ਜਾਵੇ – ਬਾਰੇ ਵਿਚਾਰ ਸਾਂਝੇ ਕੀਤੇ ਤੇ ਮਗਰੋਂ ਚਾਹ ਪਾਣੀ ਦਾ ਪ੍ਰਬੰਧ ਹੋਇਆ। ਕੁਝ ਨਵੇਂ ਮੈਂਬਰ ਬਣੇ ਤੇ ਕਈਆਂ ਨੇ ਆਪਣਾ ਸਮਾਂ ਇਸ ਕੰਮ ਵੱਲ ਲਾਉਣ ਦੀ ਹਾਮੀ ਭਰੀ।

● ਅਗਸਤ 21 –

ਐਬਸਫੋਰਡ ਵਿਚ ਸਮਾਨਤਾ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ ਜਿਸ ਵਿਚ ਸੁਲਝੇ ਹੋਏ ਕਲਾਕਾਰਾਂ - ਗੁਰਦੇਵ ਸਿੰਘ ਮਸਤਾਨਾ, ਸੁਰਜੀਤ ਮਾਧੋਪੁਰੀ ਤੇ ਪੰਜਾਬੀ ਸੰਗੀਤ ਪਾਰਟੀ ਦੇ ਗੀਤਾਂ ਤੋਂ ਇਲਾਵਾ ਦੋ ਡਰਾਮੇਂ (1) ਮਹਿਲੀਂ ਵਸਦੀਆਂ ਧੀਆਂ ਤੇ (2) ਚੇਤਨਾ ਪੇਸ਼ ਕੀਤੇ ਗਏ। ਢਾਈ ਸੌ ਤੋਂ ਵੱਧ ਲੋਕਾਂ ਨੇ ਪ੍ਰੋਗਰਾਮ ਵੇਖਿਆ ਤੇ ਸ਼ਲਾਘਾ ਕੀਤੀ। "ਮਹਿਲੀਂ ਵਸਦੀਆਂ ਧੀਆਂ" ਪਿਛਲੇ ਸਾਲ ਸਤੰਬਰ ਵਿਚ ਸਮਾਨਤਾ ਵੱਲੋਂ B.W.S.S. (BATTERED WOMEN'S SUPPORT SERVICES) ਦੇ ਪ੍ਰੋਗਰਾਮ ਵਿਚ ਵੀ ਖੇਡਿਆ ਗਿਆ ਸੀ।

● ਅਕਤੂਬਰ 21 –

"ਵਿਦੇਸ਼ਾਂ ਵਿਚ ਭਾਰਤੀ ਔਰਤਾਂ" ਬਾਰੇ ਇਕ ਵਿਸ਼ੇਸ਼ ਲੈਕਚਰ ਦਾ ਪ੍ਰਬੰਧ ਲਿਟਲ ਮਾਊਨਟੇਨ ਨੇਬਰਹੁੱਡ ਹਾਊਸ ਵਿਚ ਕੀਤਾ ਗਿਆ। ਮੁੱਖ ਭਾਸ਼ਣਕਾਰ ਸਨ ਕੈਲੇਫੋਰਨੀਆਂ ਤੋਂ ਆਈ ਹੋਈ ਸ੍ਰੀਮਤੀ ਸੁਚੇਤਾ ਮਾਜ਼ੂਮਦਾਰ, ਜਿਨ੍ਹਾਂ ਨੇ ਭਾਰਤ, ਇੰਗਲੈਂਡ ਤੇ ਅਮਰੀਕਾ ਵਿਚ ਭਾਰਤੀ ਔਰਤਾਂ ਦੀ ਸਥਿਤੀ ਬਾਰੇ ਸੰਖੇਪ ਨਾਲ ਗੱਲਬਾਤ ਕੀਤੀ।

● 1983 ਦੀ ਆਖ਼ਰੀ ਮੈਂਬਰਸ਼ਿੱਪ ਮੀਟਿੰਗ –

ਇਸ ਸਾਲ ਦੀ ਆਖ਼ਰੀ ਮੈਂਬਰਸ਼ਿੱਪ ਮੀਟਿੰਗ 3 ਦਸੰਬਰ ਨੂੰ ਲਿਟਲ ਮਾਊਨਟੇਨ ਨੇਬਰਹੁੱਡ ਹਾਊਸ ਵੈਨਕੂਵਰ ਵਿੱਚ ਹੋਈ ਜਿਸ ਵਿੱਚ ਮੁੱਖ ਭਾਸ਼ਨ ਤੋਂ ਬਿਨਾਂ ਆਰਥਕ ਰੀਪੋਰਟ, ਸੱਭਿਆਚਾਰਕ ਪ੍ਰੋਗਰਾਮ ਅਤੇ ਚਾਹ ਪਾਣੀ ਵੀ ਸ਼ਾਮਲ ਸਨ। ਇਸ ਮੀਟਿੰਗ ਵਿੱਚ:

* ਔਰਤਾਂ ਉੱਤੇ ਹੋ ਰਹੇ ਤਸ਼ੱਦਦ ਦੀ ਰੋਕ ਥਾਮ ਵਿਸ਼ੇ ਬਾਰੇ ਵਿਚਾਰ ਸਾਂਝੇ ਕੀਤੇ ਗਏ।
* ਇਮੀਗਰਾਂਟ ਸਰਵਿਸਜ਼ (IMMIGRANT SERVICES) ਦੇ ਵਰਕਰ ਗੁਰਦੀਪ ਸਿੰਘ ਨੇ ALCOHOLISM (ਸ਼ਰਾਬ) ਬਾਰੇ ਜਾਣਕਾਰੀ ਦਿੱਤੀ। ਮਰਦਾਂ ਵਿੱਚ ਸ਼ਰਾਬ ਪੀਣ ਦੀ ਆਦਤ ਦਾ ਅਤੇ ਔਰਤਾਂ ਉੱਤੇ ਤਸ਼ੱਦਦ ਦਾ ਗਹਿਰਾ ਸੰਬੰਧ ਹੈ। ਇਮੀਗਰਾਂਟ ਸਰਵਿਸਜ਼ ਵੱਲੋਂ ALCOHOLISM ਦਾ ਸ਼ਿਕਾਰ ਵਿਅਕਤੀਆਂ ਲਈ ਮੱਦਦ, ਜਾਣਕਾਰੀ ਅਤੇ ਅਗਵਾਈ ਦਾ ਵੀ ਪ੍ਰਬੰਧ ਹੈ - ਜਿਸਦਾ ਸਭਨੂੰ ਲਾਭ ਉਠਾਉਣਾ ਚਾਹੀਦਾ ਹੈ।
* ਬੀ.ਸੀ. ਦੇ ਟ੍ਰਾਂਜ਼ੀਸ਼ਨ ਘਰਾਂ ਦਾ ਪ੍ਰਬੰਧ ਪ੍ਰਾਈਵੇਟ ਹੱਥਾਂ ਵਿੱਚ ਸੌਂਪਣ ਦੇ ਸਰਕਾਰ ਦੇ ਮਤੇ ਦੀ ਨਿਖੇਧੀ ਕਰਨ ਲਈ ਅਤੇ ਇਸਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਨ ਲਈ ਇੱਕ ਚਿੱਠੀ ਉੱਤੇ ਦਸਤਖ਼ਤ ਕੀਤੇ ਗਏ ਕਿਉਂਕਿ ਸਾਨੂੰ ਪਤਾ ਹੈ ਕਿ ਇਹ ਸਾਡੀ ਹੀ ਕਮਿਊਨਿਟੀ ਹੈ ਜਿਸ ਵਿੱਚ ਨਾ ਤਾਂ ਅਜੇ ਤੱਕ ਕੋਈ "ਕਮਿਊਨਿਟੀ ਸੈਂਟਰ" ਹੈ ਅਤੇ ਨਾ ਹੀ ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਦੇ ਸਹਾਰੇ ਲਈ ਕੋਈ ਸਥਾਨ।

ਸਮਾਨਤਾ ਦੇ ਮੈਂਬਰਾਂ ਨੂੰ ਅਪੀਲ ਹੈ ਕਿ "ਆਪੋ ਆਪਣੇ ਕੰਮਾਂ ਵਿੱਚ ਤਾਂ ਸਾਰੇ ਹੀ ਰੁਝੇ ਹੋਏ ਹਨ ਪਰ ਆਪਣੀ ਕਮਿਊਨਿਟੀ ਦੀ ਨੁਹਾਰ ਥੋੜੀ ਠੀਕ ਕਰਨ ਲਈ ਆਪਣਾ ਕੀਮਤੀ ਸਮਾਂ ਕੱਢਕੇ ਸਮਾਨਤਾ ਵੱਲ ਲਾਉਣ ਅਤੇ ਮੀਟਿੰਗਾਂ ਵਿੱਚ ਆ ਕੇ ਸਮਾਨਤਾ ਦੀਆਂ ਵੱਖ ਵੱਖ ਕਮੇਟੀਆਂ ਲਈ ਨਾਂ ਲਿਖਵਾਉਣ। ● (VANCOUVER, B.C.)

---

## ਸੁਰਿੰਦਰ ਧੰਜਲ ਸਾਹਿੱਤ-ਸਮਾਗਮ (ਸੁਖਿੰਦਰ)

ਪੰਜਾਬੀ ਦੇ ਨਵ-ਪ੍ਰਗਤੀਵਾਦੀ ਸ਼ਾਇਰ ਸੁਰਿੰਦਰ ਧੰਜਲ (ਸੰਪਾਦਕ 'ਵਤਨੋਂ ਦੂਰ') ਪਿਛਲੇ ਦਿਨੀਂ (ਅਗਸਤ 83) ਅਲਬਰਟਾ ਤੋਂ ਕੁਝ ਦਿਨਾਂ ਲਈ ਓਨਟੇਰੀਓ ਪਹੁੰਚੇ। ਓਨਟੇਰੀਓ ਦੇ ਪੰਜਾਬੀ ਲੇਖਕਾਂ ਅਤੇ ਕਲਾਕਾਰਾਂ ਨੇ ਉਨ੍ਹਾਂ ਦੇ ਸਨਮਾਨ ਵਿੱਚ ਟੋਰਾਂਟੋ ਦੀ ਮੈਟਰੋਪਾਲੀਟਨ ਲਾਇਬਰੇਰੀ ਵਿੱਚ ਇੱਕ ਵਿਸ਼ੇਸ਼ ਸਾਹਿੱਤਕ ਸਮਾਗਮ ਦਾ ਪ੍ਰਬੰਧ ਕੀਤਾ। ਇਸ ਸਮਾਗਮ ਵਿੱਚ ਸਰਵ ਸ੍ਰੀ ਗ. ਸ. ਰਈਆ, ਚਿੱਤ੍ਰਕਾਰ (ਟੋਰਾਂਟੋ); ਤੇਜੀ ਨਿੱਜਰ (ਕਿਚਨਰ); ਰਵਿੰਦਰ (ਕਿਚਨਰ); ਇਕਬਾਲ ਰਾਮੂਵਾਲੀਆ (ਰੈਕਸਡੇਲ); ਨਰਦੇਵ, ਚਿੱਤ੍ਰਕਾਰ (ਵਿਲੋਡੇਲ); ਗੁਰਦੀਪ ਚੌਹਾਨ (ਪ੍ਰਦੇਸੀ ਪੰਜਾਬ, ਟੋਰਾਂਟੋ); ਗੁਰਦਿਆਲ ਕੰਵਲ (ਨਵੀਂ ਧਰਤੀ, ਟੋਰਾਂਟੋ); ਸੁਖਿੰਦਰ (ਟੋਰਾਂਟੋ); ਅੰਮ੍ਰਿਤ ਸ਼ੈਲਾ (ਰੈਕਸਡੇਲ); ਸ਼ੇਰੀ (ਟੋਰਾਂਟੋ); ਤਰਲੋਚਨ ਗਿੱਲ (ਡਾਨ ਮਿੱਲਜ਼); ਗੁਰਮੀਤ ਕੰਗ (ਬਰੈਮਲੀ); ਸੁਖਦੇਵ ਢੌਲਾ (ਟੋਰਾਂਟੋ); ਸਲੀਮ ਸਦੀਕੀ (ਸਕਾਰਬਾਰੋ) ਆਦਿ ਨੇ ਵਿਸ਼ੇਸ਼ ਤੌਰ ਤੇ ਭਾਗ ਲਿਆ। ਇਸ ਸਮਾਗਮ ਵਿੱਚ ਸੁਰਿੰਦਰ ਧੰਜਲ ਨੇ ਆਪਣੀਆਂ ਕੁਝ ਨਵੀਆਂ ਨਜ਼ਮਾਂ ਸੁਣਾਈਆਂ ਅਤੇ ਪੰਜਾਬੀ ਸੱਭਿਆਚਾਰ ਬਾਰੇ ਇੱਕ ਤਕਰੀਰ ਵੀ ਕੀਤੀ। ਸੁਰਿੰਦਰ ਧੰਜਲ ਨੇ ਆਪਣੀ ਤਕਰੀਰ ਵਿੱਚ ਇਨ੍ਹਾਂ ਗੱਲਾਂ ਉੱਤੇ ਜ਼ੋਰ ਦਿੱਤਾ ਕਿ ਜ਼ੁਬਾਨ ਅਤੇ ਸੱਭਿਆਚਾਰ ਨੂੰ ਧਰਮ ਨਾਲ ਜਾਂ ਕਿਸੇ ਫਿਰਕੇ ਨਾਲ ਨਹੀਂ ਜੋੜਨਾ ਚਾਹੀਦਾ; ਕੈਨੇਡਾ ਦੇ ਪੰਜਾਬੀ ਪੱਤਰਕਾਰਾਂ ਨੂੰ ਲੋਕਾਂ ਤੱਕ ਖ਼ਬਰਾਂ ਪਹੁੰਚਾਂਦੇ ਸਮੇਂ ਦਿਆਨਤਦਾਰੀ ਤੇ ਜ਼ਿੰਮੇਵਾਰੀ ਦਾ ਸਬੂਤ ਦੇਣਾ ਚਾਹੀਦਾ ਹੈ; ਅਤੇ ਲੇਖਕਾਂ, ਪੱਤਰਕਾਰਾਂ ਤੇ ਬੁਰਸ਼-ਕਲਾਕਾਰਾਂ ਨੂੰ ਇਕੱਠੇ ਹੋ ਕੇ ਆਪਣੀ ਕਲਾ ਨੂੰ ਲੋਕ-ਦ੍ਰੋਹੀ ਅਤੇ ਫਿਰਕਾਪ੍ਰਸਤ ਸ਼ਕਤੀਆਂ ਨੂੰ ਭੰਜ ਦੇਣ ਲਈ ਵਰਤਣਾ ਚਾਹੀਦਾ ਹੈ।

ਓਨਟੇਰੀਓ ਦੇ ਬਹੁਤੇ ਲੇਖਕਾਂ ਅਤੇ ਕਲਾਕਾਰਾਂ ਲਈ ਸੁਰਿੰਦਰ ਧੰਜਲ ਨੂੰ ਮਿਲਣ ਦਾ ਇਹ ਪਹਿਲਾ ਮੌਕਾ ਸੀ।

ਪ੍ਰੋਗਰਾਮ ਦੇ ਦੂਜੇ ਹਿੱਸੇ ਵਿੱਚ ਟੋਰਾਂਟੋ ਤੋਂ ਸ਼ੁਰੂ ਹੋਏ ਅੰਗਰੇਜ਼ੀ ਜਰਨਲ 'ਰੈਪਚਰ' ਦੀ ਪਹਿਲੀ ਕਾਪੀ ਸੁਰਿੰਦਰ ਧੰਜਲ ਨੂੰ ਪੇਸ਼ ਕੀਤੀ ਗਈ। ਇਸ ਸਾਰੇ ਪ੍ਰੋਗਰਾਮ ਨੂੰ ਸਟੇਜ ਸਕੱਤਰ ਵਜੋਂ ਇਕਬਾਲ ਰਾਮੂਵਾਲੀਆ ਨੇ ਬੜੀ ਖ਼ੂਬੀ ਨਾਲ ਨਿਭਾਇਆ।

# ਦਰਪਣ

ਖ਼ਤ

'ਵਤਨੋਂ ਦੂਰ' ਲਈ ਕਾਫ਼ੀ ਚਿੱਠੀਆਂ ਆਈਆਂ ਹਨ – ਜੇ ਤੁਸੀਂ ਪਰਚੇ ਦੀਆਂ ਕੁਝ ਕਾਪੀਆਂ ਜ਼ਰੂਰ ਭੇਜ ਦੇਣ। ਮੈਂ ਚਾਹਵਾਂਗਾ ਕਿ ਤੁਹਾਡੇ ਦੂਰ ਬੈਠੇ ਸਾਹਿੱਤਕਾਰਾਂ ਦਾ ਸੰਪਰਕ ਪੰਜਾਬ ਦੇ ਪਾਠਕਾਂ ਨਾਲ ਪੂਰੀ ਤਰ੍ਹਾਂ ਬਣਿਆ ਰਹੇ – ਸਮਤਾ ਵਿੱਚ ਮੈਂ ਇਹਦਾ ਉਪਰਾਲਾ ਕਰਦਾ ਰਹਿੰਦਾ ਹਾਂ ਪਰ ਸੀਮਤ ਸਾਧਨ ਹੋਣ ਕਰਕੇ ਮੈਂ ਇਸਨੂੰ ਕਾਫ਼ੀ ਨਹੀਂ ਸਮਝਦਾ –

ਵਿਸ਼ਵ ਸੰਮੇਲਨ ਦਿੱਲੀ ਵਿੱਚ ਹੋਇਆ ਹੈ – ਮੈਂ ਆਪ ਤਾਂ ਨਹੀਂ ਸੀ ਗਿਆ (ਪ੍ਰਬੰਧਕਾਂ ਨੇ invitation ਹੀ ਨਹੀਂ ਸੀ ਭੇਜਿਆ) ਪਰ ਜੋ ਰੀਪੋਰਟਾਂ ਮਿਲੀਆਂ ਹਨ, ਉਹਨਾਂ ਅਨੁਸਾਰ ਬਿਲਕੁਲ ਸਰਕਾਰੀ function ਸੀ, ਲੇਖਕ ਕਾਫ਼ੀ ਸਨ ਪਰ ਸਟੇਜ ਦੇ ਨੇੜੇ ਉਹਨਾਂ ਦੀ ਹੋਂਦ ਕਿਧਰੇ ਨਹੀਂ ਸੀ। ਸਟੇਜ ਸਰਕਾਰੀ ਬੁਲਾਰਿਆਂ ਕੋਲ ਹੀ ਸੀ। ਪੂਰੀ ਰੀਪੋਰਟ ਤੁਹਾਨੂੰ ਮਿਲ ਹੀ ਜਾਏਗੀ – ਦਰਸ਼ਨ ਗਿੱਲ, ਤ੍ਰਿਲੋਚਨ ਗਿੱਲ ਆਦਿਕ ਕੈਨੇਡਾ ਵਾਲੇ ਉਥੇ ਸਨ –

– ਗੁਰਸ਼ਰਨ ਸਿੰਘ (ਸੰਪਾਦਕ ਸਮਤਾ) / 29 ਜਨਵਰੀ 1984.
(ਅੰਮ੍ਰਿਤਸਰ, ਪੰਜਾਬ, India)

ਇਨਕਲਾਬੀ ਸ਼ੁਭ ਇੱਛਾਵਾਂ! ਅਸੀਂ ਤੁਹਾਨੂੰ ਪੰਜਾਬ ਵਿੱਚ ਮਾਸਿਕ ਛਪਦੇ ਪਰਚੇ ਹਿਰਾਵਲ ਦਸਤਾ ਦੀ ਕਾਪੀ ਭੇਜ ਰਹੇ ਹਾਂ ਅਤੇ ਤੁਹਾਥੋਂ ਆਸ ਕਰਦੇ ਹਾਂ ਕਿ ਤੁਸੀਂ ਵੀ ਸਾਨੂੰ ਹਿਰਾਵਲ ਦਸਤਾ ਦੇ ਦਫ਼ਤਰ ਦੇ ਐਡਰੈੱਸ 'ਤੇ ਇੱਕ ਕਾਪੀ ਵਤਨੋਂ ਦੂਰ ਦੀ ਭੇਜਦੇ ਰਹੋਗੇ!

– ਬਲਦੇਵ ਸਿੰਘ ਮਾਨ (ਸੰਪਾਦਕ ਹਿਰਾਵਲ ਦਸਤਾ) / ਜਨਵਰੀ 1984.
(ਪਿੰਡ ਤੇ ਡਾਕ: ਬੱਗਾ ਕਲਾਂ, ਰਾਹੀਂ ਰਾਜਾ ਸਾਂਸੀ, ਜ਼ਿਲਾ ਅੰਮ੍ਰਿਤਸਰ, India)

ਤੁਹਾਡਾ ਮਿਹਨਤ ਤੇ ਲਗਨ ਨਾਲ ਛਾਪਿਆ 'ਦਸਵਾਂ ਸਾਲਾਨਾ ਅੰਕ' ਭੈਣ ਗੁਰਬਖਸ਼ ਦੁਸਾਂਝ ਕੋਲੋਂ ਲੈ ਪੜ੍ਹਿਆ। 'ਚੰਗਾ ਹੋਇਆ ਇਨਕਲਾਬ' ਸ਼ਾਇਦ ਤੁਹਾਡੀ ਕਵਿਤਾ 'ਜ਼ਿੰਦਗੀ' ਪੜ੍ਹਕੇ ਕੁਝ ਅਰਥ ਪਾ ਗਿਆ ਹੋਵੇ! ਆਧੁਨਿਕ ਯੁਗ ਵਿੱਚ ਸਰਬ-ਘਾਤਕ ਪ੍ਰਮਾਣੂ ਜੰਗ ਦਾ ਖਤਰਾ ਸਾਮਰਾਜੀ ਸ਼ਕਤੀਆਂ ਵੱਲੋਂ ਤੇਜ਼ੀ ਨਾਲ ਵਧ ਰਿਹਾ – ਸੂਫ਼ੀ ਨੇ 'ਸੀਤਲ ਅਮਨ-ਸੁਰ' ਨੂੰ ਉਚਾ ਕੀਤਾ ਹੈ। ਸਾਡੀਆਂ ਕਲਮਾਂ ਨੂੰ ਬਿਜਲੀਆਂ ਬਣ ਜੰਗ ਦੇ ਬੱਦਲਾਂ ਨੂੰ ਲਲਕਾਰਨਾ ਚਾਹੀਦਾ ਹੈ।

– ਅਵਤਾਰ ਸਿੰਘ ਸਾਦਿਕ / ਜਨਵਰੀ 1984.
(Leicester, U K.)

ਏਥੇ ਵੀ ਉਹੀ ਭਟਕਣ, ਆਵਾਰਗੀ, ਅਸੰਤੁਸ਼ਟੀ ਅਤੇ ਨਿਰਾਸ਼ਾ ਹੈ ਜੋ ਦੁਨੀਆਂ ਦੇ ਹਰ ਕੋਨੇ ਵਿੱਚ ਪਸਰੀ ਹੋਈ ਹੈ... ਕੁਝ ਨਜ਼ਮਾਂ ਹਾਜ਼ਰ ਹਨ – ਸ਼ਾਇਦ ਕੁਝ ਵਰਤ ਤੀਕ ਕੁਝ ਨਜ਼ਮਾਂ ਇੱਕ ਲੰਬੀ ਨਜ਼ਮ 'ਕੁਝ ਵੀ ਨਹੀਂ' ਦੇ ਸਿਰਲੇਖ ਹੇਠ ਛਾਪਾਂ।

– ਇਕਬਾਲ ਰਾਮੂਵਾਲੀਆ / 13 ਜਨਵਰੀ 1984.
(Calcutta, India)

ਸਭ ਤੋਂ ਪਹਿਲਾਂ ਕੰਨ ਫੜਕੇ ਮਾਫ਼ੀ ਮੰਗਦੀ ਹਾਂ ਕਿ ਮੈਂ ਵਤਨੋਂ ਦੂਰ ਦੇ 10ਵੇਂ ਅੰਕ ਵਾਸਤੇ ਕਵਿਤਾ ਨਹੀਂ ਭੇਜ ਸਕੀ... ਫੇਰ ਸਿਤੰਬਰ ਵਿੱਚ India ਚਲੇ ਗਏ... ... ਤੁਹਾਡਾ ਬਹੁਤ ਹੀ ਪਿਆਰਾ ਅੰਕ ਮੈਂ ਤੇ ਸੁਰਜੀਤ ਨੇ India ਦੇਖਿਆ ਸੀ ਡਾ: ਰਵਿੰਦਰਜੀਤ ਰੰਗ ਦੇ ਘਰ। ... ਫੇਰ ਟਾਈਮ ਕੱਢਕੇ ਰਚਨਾਵਾਂ ਦਾ ਢੇਰ ਭੇਜਾਂਗੀ...

– ਦਰਸ਼ਨ ਬੈਂਸ (ਸੰਪਾਦਕ ਨਵਰੰਗ) / 25 ਜਨਵਰੀ 84.
(Vancouver, B.C., Canada)

ਇਸ ਵਾਰ 'ਸਮਾਨਤਾ ਡਾਇਰੀ' ਛਾਪਣ ਦਾ ਉਪਰਾਲਾ ਕਰਨਾ ਤਾਂ ਜੋ ਸਾਰੇ ਮੈਂਬਰਾਂ ਤੱਕ ਜਾਣਕਾਰੀ ਪਹੁੰਚ ਸਕੇ ਕਿ "ਸਮਾਨਤਾ" ਨੇ ਸਾਲ ਭਰ ਵਿੱਚ ਕੀ ਕੀਤਾ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਉਤਸ਼ਾਹ ਮਿਲੇ ਤਾਂ ਜੁ ਉਹ ਆਪਣੇ ਕੀਮਤੀ ਵਕਤ ਵਿਚੋਂ ਕੁਝ ਸਮਾਂ ਕੱਢਕੇ ਅਜਿਹੇ ਕੰਮ ਵੱਲ ਲਾ ਸਕਣ।... ਅਗਲੀ ਵਾਰ "ਮਹਿਲੀਂ ਵਸਦੀਆਂ ਧੀਆਂ" ਤੇ "ਚੇਤਨਾ" ਤਰਾਸਿਆਂ ਦੀਆਂ ਗੱਲ ਲਿਖਤਾਂ ਭੇਜਾਂਗੀ... ਕਵਿਤਾਵਾਂ ਵੀ ਅਗਲੀ ਵਾਰ ਹੀ ਭੇਜਾਂਗੀ...

– ਸੁਰਜੀਤ ਕਲਸੀ (ਸਕੱਤਰ ਸਮਾਨਤਾ) / ਨਵੰਬਰ 83.
(Vancouver, B.C., Canada)

I am very pleased to receive a copy of Watno Dur of Sept.-Dec. 1983 issue. You are doing a fine job to help writers. Keep up the good work.

Is it possible for you and your magazine to sponsor a poetry reading (Panjabi & English)? Please let me know. I will be delighted to participate.

– Stephen Gill (Editor Writer's LifeLine) / January 20, 84.
(Cornwall, Ontario, Canada)

# KESRI

**SWEETS & RESTAURANT LTD.**

*Retailer & Wholesaler*

*We Cater for*
*Weddings & Parties*

1424 GERRARD ST. EAST
TORONTO, ONT. M4L 1Z6
Tel. 466-0173



# FOR INCOME TAX NEEDS

**CALL BALL**

**(INCOME TAX SPECIALISTS)**

**(416) 242-5535**



# PANDIT JAITLY ASTROLOGER

**For Your:**

- **HOROSCOPIC ANALYSIS**
- **JANAM PATRIKA**
- **PAST, PRESENT & FUTURE PROBLEMS or DECISIONS MARRIAGE MAHURAT**
- **MONEY INVESTMENT DECISIONS**
- **etc....**

**FOR INFORMATION AND APPOINTMENTS PLEASE CALL 416-243-9042 or 245-5422**

ਜੋਤਸ਼ੀ ਪੰਡਿਤ ਜੇਤਲੀ ਜੀ



GET YOUR INCOME TAX PREPARED PROFESSIONALLY BY

**CAN-AM TAX SERVICE LTD.**

1275 JANE ST. (JANE AT WESTON), TORONTO

ACCOUNTING • BOOKKEEPING • CORPORATION TAX

PHONE:
(416) 243-2912
(416) 247-8527

# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੋਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆਂ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

## 327-0295

**5125 VICTORIA DRIVE VANCOUVER**

# VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ੍ਹ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :


**TEL: 324-3177**

**KENNY K. H. NG** B.Sc. (PHARM.) R.P.E.B.C.

**PAUL C. Y. FU** B.Sc. (PHARM.) R.P.E.B.C.

**6407 MAIN ST. VANCOUVER, B.C.**

# PAUL'S
***PLUMBING & ELECTRICAL SUPPLY***



**'OPEN ON SUNDAYS TOO'**

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***
***4774 Main St. (at 32nd) Vancouver, B.C.***
***PH: 872-3118*** Supply
***872-7227*** Service

# ਬੁੱਕ ਕੀਪਿੰਗ, ਅਕਾਂਊਟਿੰਗ ਅਤੇ ਇਨਕਮ ਟੈਕਸ ਸਬੰਧੀ

ਤਜਰਬੇਕਾਰ ਸਲਾਹ ਮਸ਼ਵਰੇ ਲਈ
ਮਿਲੋ ਜਾਂ ਫੂਨ ਕਰੋ
ਰਣਜੀਤ ਸਿੰਘ ਬੈਂਸ

**REMEMBER**
**FOR ACCOUNTING, BOOKKEEPING INCOME TAX.**
**CALL OR VISIT**

**RANJIT SINGH BAINS**

**BAINS TAX & ACCOUNTING SERVICES**
**10-6679 MAIN STREET., VAN., B.C.**
**321-2132**

# ਬੰਬੇ ਸਵੀਟ ਮੈਨੂਫੈਕਚਰਰ

## FOR LARGEST VARIETY IN INDIAN SWEETS

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

*OUR TEMPTATIONS.*

Largest Variety in Indian Sweets

Burfi - Laddo - Rasgulas - Gulab Jamuns - Masu - Pinnis

**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ...

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ
ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ੀਦਣ ਲਈ

ਸ਼ੁਕਲਾ ਬ੍ਰਾਦਰਜ਼



Manager: SHUKLA

**HEAD OFFICE**
4405 MAIN ST. (28th AVE.)
VANCOUVER, B.C. V5V 3R2
**Tel. (604) 874-5722**

**BRANCH:**
6556 MAIN ST. (at 49th Ave)
VANCOUVER, B.C. V5X 3H1
**Tel. (604) 321-1414**

**WE ARE OPEN EVERY DAY 9 A.M. TO 9:30 P.M.**

# BOMBAY SWEET MANUFACTURER

**WATNO DUR**
P.O. Box 9545
Edmonton, Alberta, T6E 5X2

Second Class Mail Reg. No. 3233

TO:

ਫਰੰਟੀਅਰ ਕਲਾਥ ਹਾਊਸ




NEW DESIGNS
& NEW FASHIONS

# SAREES

**We have the largest variety in Punjabi suits both in designs & Quality**

## FRONTIER CLOTH HOUSE LTD.

**6695 MAIN STREET VANCOUVER, B.C.**

PHONE NO. 325-4424 or 325-3515